# 4

# ਮਸੀਹ ਦਾ ਵੱਡਾਪਣ

## (1:15-20)

ਕੁਲੁੱਸੀਆਂ ਦੇ ਖ਼ਤ ਵਿਚ 1:15–20 ਵਿਚ ਵੱਡਾ ਬਦਲਾਅ ਆਉਂਦਾ ਹੈ। ਪੌਲੁਸ ਨੇ ਆਪਣੇ ਸਲਾਮ ਅਤੇ ਦੁਆਵਾਂ ਦੀ ਗੱਲ ਖ਼ਤਮ ਕੀਤੀ ਜੋ ਉਹ ਅਤੇ ਉਸ ਦੇ ਸਾਥੀ ਕੁਲੁੱਸੀਆਂ ਲਈ ਕਰਦੇ ਹਨ। ਫਿਰ ਉਹ ਯਿਸੂ ਦੇ ਵੱਡੇਪਣ, ਸੁਭਾਅ ਤੇ ਰੁਤਬੇ ਦੀ ਤਰੀਫ਼ ਕਰਨ ਲਗ ਗਿਆ। ਉਸ ਨੇ ਲਿਖਿਆ ਕਿ ਯਿਸੂ (1) ਖ਼ੁਦਾ ਦਾ ਰੂਪ, ਜੋ ਨਵੇਂ ਨੇਮ ਵਿਚ ਹੋਰ ਦੋ ਥਾਂਵਾਂ ਵਿਚ ਦੱਸਿਆ ਗਿਆ ਹੈ (2 ਕੁਰਿੰਥੀਆਂ 4:4; ਇਬਰਾਨੀਆਂ 1:3); (2) ਸਾਰੀ ਸਰਿਸ਼ਟ ਵਿੱਚੋਂ ਜੇਠਾ; (3) ਸਭ ਕਾਸੇ ਦਾ ਰਚਣਹਾਰਾ; (4) ਸਭ ਤੋਂ ਪਹਿਲਾਂ; (5) ਸਭ ਚੀਜ਼ਾਂ ਨੂੰ ਕਾਇਮ ਰੱਖਣ ਵਾਲਾ; (6) ਕਲੀਸੀਆ ਦਾ ਸਿਰ; (7) ਸਰਿਸ਼ਟੀ ਦਾ ਦੇਣ ਵਾਲਾ; (8) ਮੁਰਦਿਆਂ ਵਿੱਚੋਂ ਜੇਠਾ; (9) ਸਭਨਾਂ ਗੱਲਾਂ ਵਿਚ ਪ੍ਰਧਾਨ; (10) ਸਾਰੀ ਭਰਪੂਰੀ ਨਾਲ ਭਰਪੂਰ; ਅਤੇ (11) ਖ਼ੁਦਾ ਅਤੇ ਇਨਸਾਨ ਵਿਚਕਾਰ ਮੇਲ ਦਾ ਅਧਾਰ ਹੈ।

ਕੁਝ ਟੀਕਾਕਾਰਾਂ ਦਾ ਮੰਨਣਾ ਹੈ ਕਿ ਆਇਤਾਂ 15 ਤੋਂ 20 ਵਿਚ ਮੁੱਢਲੀ ਕਲੀਸੀਆ ਵਿਚ ਵਰਤਿਆ ਜਾਣ ਵਾਲਾ ਭਜਨ ਹੈ। ਮੰਨਿਆ ਜਾਂਦਾ ਹੈ ਕਿ ਆਇਤਾਂ 15 ਤੋਂ 17, ਆਇਤਾਂ 18 ਤੋਂ 20 ਦਾ ਸਮਾਨਾਂਤਰ ਹਨ ਅਤੇ ਇਹ ਕਿ ਥੋੜ੍ਹੇ ਜਿਹੇ ਬਦਲਾਅ ਦੇ ਬਾਅਦ ਇਨ੍ਹਾਂ ਆਇਤਾਂ ਦੇ ਮੁੱਢਲੇ ਭਜਨਾਂ ਵਿਚ ਅਜਿਹਾ ਇਕ ਮਾਪਕ ਮਿਲਦਾ ਹੈ। ਸਾਡੇ ਸੰਸਾਰ ਵਿਚ ਯਿਸੂ ਦੇ ਆਉਣ ਅਤੇ ਜਾਣ ਨੂੰ 1 ਤਿਮੋਥਿਉਸ 3:16 ਵਿਚ ਵੀ ਵਿਖਾਇਆ ਗਿਆ ਹੈ ਜਿਸ ਨੂੰ ਮੁੱਢਲੀ ਕਲੀਸੀਆ ਦਾ ਭਜਨ ਮੰਨਿਆ ਜਾਂਦਾ ਹੈ। ਕਈਆਂ ਦਾ ਮੰਨਣਾ ਹੈ ਕਿ ਯਿਸੂ ਦੀ ਵਡਿਆਈ ਨਾਲ ਸਬੰਧਿਤ ਆਪਣੀਆਂ ਟਿੱਪਣੀਆਂ ਵਿਚ ਮੁੜਨ ਲਈ ਪੌਲੁਸ ਨੇ ਮਸ਼ਹੂਰ ਕਹਾਉਤਾਂ ਜਾਂ ਮੁੱਢਲੀ ਕਲੀਸੀਆ ਦੇ ਭਜਨਾਂ ਨੂੰ ਮਿਲਾ ਦਿੱਤਾ। (ਵੇਖੋ 1 ਤਿਮੋਥਿਉਸ 1:15; 3:1; 4:8, 9; 2 ਤਿਮੋਥਿਉਸ 2:11–13; ਤੀਤੁਸ 3:4–8.)

ਇਕ ਹੋਰ ਦਾਅਵਾ ਹੈ ਕਿ ਮਸੀਹ ਉੱਤੇ ਆਪਣੀ ਸਿੱਖਿਆ ਦਿੰਦਿਆਂ ਪੌਲੁਸ ਉਸ ਦੇ ਸਬੰਧ ਵਿਚ ਗਿਆਨਵਾਦੀ ਸਿੱਖਿਆ ਦੀਆਂ ਗਲਤੀਆਂ ਦਾ ਜਵਾਬ ਦੇ ਰਿਹਾ ਸੀ। ਅਜਿਹਾ ਲਗਦਾ ਨਹੀਂ ਹੈ ਕਿਉਂ ਜੋ ਉਸ ਸਮੇਂ ਸਿਰਫ਼ ਗਿਆਨਵਾਦ ਦਾ ਬੀਜ ਬਿਜਿਆ ਜਾ ਰਿਹਾ ਸੀ ਅਤੇ ਦੂਸਰੀ ਤਰ੍ਹਾਂ ਨਾਲ ਵਿਕਸ਼ਿਤ ਗਿਆਨ ਦੂਜੀ ਸਦੀ ਦੇ ਸ਼ੁਰੂ ਤਕ ਨਜ਼ਰ ਨਹੀਂ ਆਇਆ ਸੀ। ਯਿਸੂ ਦੀ ਪੌਲੁਸ ਦੀ ਚਰਚਾ ਵਿਚ ਉਹ ਜਾਣਕਾਰੀ ਸੀ ਜਿਹੜੀ ਗਿਆਨਵਾਦੀ ਵਿਚਾਰ ਨੂੰ ਨਕਾਰਦੀ ਹੈ।

### ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸਰਿਸ਼ਟ ਵਿੱਚੋਂ ਜੇਠਾ (1:15)

**15ਉਹ ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸਰਿਸ਼ਟ ਵਿੱਚੋਂ ਜੇਠਾ ਹੈ।**

**''ਉਹ ਅਲੱਖ ਪਰਮੇਸ਼ੁਰ ਦਾ ਰੂਪ ਹੈ'' (1:15)**

ਪੌਲੁਸ ਨੇ ਯਿਸੂ ਨੂੰ **ਅਲੱਖ ਪਰਮੇਸ਼ੁਰ ਦਾ ਰੂਪ** ਦੱਸਿਆ। ''ਰੂਪ'' ਲਈ ਯੂਨਾਨੀ ਸ਼ਬਦ (*eikōn*) ਦਾ ਬਦਲਵਾਂ ਰੂਪ ''icon'' ਹੋ ਸਕਦਾ ਹੈ ਅਤੇ ਇਸ ਦਾ ਅਰਥ ''ਸਮਾਨਤਾ'' ਹੈ। ਯੂਸੁਫ਼, ਮਰੀਅਮ

ਅਤੇ ਵੱਖੋ ਵੱਖ ਸੰਤਾਂ ਦੀ ਮਦਦ ਲਈ ਪੂਰਵੀ ਆਰਥੋਡਾਕਸ ਕਲੀਸੀਆਵਾਂ ਵਿਚ ‘‘ਆਈਕਨ’’ ਦੀਆਂ ਤਸਵੀਰਾਂ ਜਾਂ ਮੂਰਤੀਆਂ ਪਾਈਆਂ ਜਾਂਦੀਆਂ ਹਨ। ਯਿਸੂ ਪਿਤਾ ਦਾ ‘‘ਆਈਕਨ’’ ਹੈ ਭਾਵ ਖ਼ੁਦਾ ਦਾ ਇੱਕੋ ਇਕ ਅਸਲ ਪਰਗਟਾਵਾ ਅਤੇ ਮੁਕੰਮਲ ਮੂਰਤ। ਇੱਥੇ ਵਰਤਿਆ ਗਿਆ ‘‘ਰੂਪ’’ ਸ਼ਬਦ ਬਾਹਰੀ ਰੂਪ ਨੂੰ ਵਿਖਾਉਣ ਵਾਲੀ ਤਸਵੀਰ ਨਾਲੋਂ ਫ਼ਰਕ ਹੈ ਜਿਹੜੀ ਅੰਦਰੂਨੀ ਵਿਅਕਤੀ ਅਤੇ ਸ਼ਖ਼ਸੀਅਤ ਨੂੰ ਨਹੀਂ ਵਿਖਾ ਸਕਦੀ। ਯਿਸੂ ਪਿਤਾ ਦਾ ਸਿੱਧ ਰੂਪ ਹੈ ਕਿਉਂ ਜੋ ਉਸ ਵਿਚ ਮੁਕੰਮਲ ਤੌਰ ਤੇ ਖ਼ੁਦਾ ਦੀ ਸ਼ਖ਼ਸੀਅਤ ਅਤੇ ਖ਼ੁਦਾਈ ਸੁਭਾਅ ਹੈ। ਉਸ ਨੇ ਅਦਿੱਖ ਪਰਮੇਸ਼ੁਰ ਨੂੰ ਦਿੱਖ ਅਤੇ ਸਮਝੇ ਜਾਣ ਦੇ ਯੋਗ ਬਣਾ ਦਿੱਤਾ ਹੈ। ਉਸ ਦੇ ਰਾਹੀਂ ਖ਼ੁਦਾ ਦੀ ਭਰਪੂਰੀ ਪਰਗਟ ਹੋਈ ਹੈ।

ਯਿਸੂ ਪਿਤਾ ਨੂੰ ਮਨੁੱਖ ਜਾਤੀ ਉੱਤੇ ਪਰਗਟ ਕਰਨ ਲਈ ਆਇਆ (ਯੂਹੰਨਾ 1:18)। ਜੋ ਲੋਕ ਯਿਸੂ ਨੂੰ ਵੇਖਦੇ ਹਨ ਉਹ ਪਿਤਾ ਨੂੰ ਵੀ ਵੇਖਦੇ ਹਨ (ਯੂਹੰਨਾ 12:45; 14:9)। ‘‘ਉਹ ਉਸ ਦੇ ਤੇਜ ਦਾ ਪ੍ਰਤੀਬਿੰਬ ਅਤੇ ਉਸ ਦੀ ਜ਼ਾਤ ਦਾ ਨਕ਼ਸ ਹੈ’’ (ਇਬਰਾਨੀਆਂ 1:3)। ਸਭਨਾਂ ਗੱਲਾਂ ਵਿਚ ਉਹ ਪਿਤਾ ਦਾ ਸਾਰ, ਸੁਭਾਅ, ਜਲਾਲ ਅਤੇ ਚਰਿੱਤਰ ਹੈ। ਉਹ ਖ਼ੁਦਾ ਦੇ ਹੋਣ ਨੂੰ ਵਿਖਾਉਂਦਾ ਹੈ। ‘‘ਸ਼ਬਦ’’ (*logos*; ਯੂਹੰਨਾ 1:1, 14) ਦਾ ਵਿਚਾਰ ਇਹ ਹੈ ਕਿ ਯਿਸੂ ਸਭਨਾਂ ਲਈ ਖ਼ੁਦਾ ਦਾ ਅਸਲ ਪਰਗਟਾਵਾ ਹੈ। ਜਿਸ ਸਮਾਨਤਾ ਦੀ ਗੱਲ ਪੌਲੁਸ ਲਿਖ ਰਿਹਾ ਸੀ ਉਹ ਸਿਰਫ਼ ਇਹ ਨਹੀਂ ਹੈ ਕਿ ਯਿਸੂ ਜਿਵੇਂ ਉਹ ਦੇਹ ਵਿਚ ਸੀ ਉਵੇਂ ਹੀ ਹੈ ਬਲਕਿ ਇਹ ਕਿ ਉਹ ਅਨਾਦੀ ਜੀਵ ਹੈ।

ਯਿਸੂ ਜੇ ਆਪ ਖ਼ੁਦਾ ਨਾ ਹੁੰਦਾ ਤਾਂ ਉਸ ਨੇ ਮਨੁੱਖ ਜਾਤੀ ਨੂੰ ਪਿਤਾ ਨੂੰ ਨਹੀਂ ਵਿਖਾ ਸਕਣਾ ਸੀ। ਕਿਉਂ ਜੋ ਉਸ ਨੇ ਤਾਂ ਪਿਤਾ ਦੇ ਅਸਲ ਰੂਪ ਨਾਲੋਂ ਘੱਟ ਹੋਣਾ ਸੀ। ਯਹੂਦੀ ਲੋਕਾਂ ਨੂੰ ਇਸ ਗੱਲ ਦੀ ਸਮਝ ਸੀ ਕਿ ਜਦ ਉਸ ਨੇ ਪਰਮੇਸ਼ੁਰ ਨੂੰ ਆਪਣਾ ਪਿਤਾ ਆਖਿਆ ਅਤੇ ਪਰਮੇਸ਼ੁਰ ਦਾ ਪੁੱਤਰ ਹੋਣ ਦਾ ਦਾਅਵਾ ਕੀਤਾ ਤਾਂ ਉਹ ਇਸ ਗੱਲ ਦੀ ਤਸਦੀਕ ਕਰ ਰਿਹਾ ਸੀ ਕਿ ਉਹ ‘‘ਪਰਮੇਸ਼ੁਰ’’ ਹੀ ਹੈ (ਯੂਹੰਨਾ 10:32–36)।

ਉਸ ਏਕਤਾ ਤੋਂ ਜਿਹੜੀ ਯਿਸੂ ਦੀ ਪਿਤਾ ਨਾਲ ਹੈ, ਵੀ ਇਹ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਦੋਹਾਂ ਦਾ ਸੁਭਾਅ ਇੱਕੋ ਹੈ। ਇਹ ਕਹਿਣ ਦੇ ਬਾਅਦ ਕਿ ‘‘ਮੈਂ ਅਰ ਪਿਤਾ ਇੱਕੋ ਹਾਂ’’ (ਯੂਹੰਨਾ 10:30), ਯਿਸੂ ਨੇ ਇਹ ਆਖ ਕੇ ਕਿ ‘‘ਪਿਤਾ ਮੇਰੇ ਵਿਚ ਅਤੇ ਮੈਂ ਪਿਤਾ ਦੇ ਵਿਚ ਹਾਂ’’ (ਯੂਹੰਨਾ 10:38; 14:10, 11, 20 ਵੀ ਵੇਖ) ਇਸ ਏਕਤਾ ਦੇ ਸੁਭਾਅ ਨੂੰ ਖੋਲ੍ਹ ਕੇ ਸਮਝਾਇਆ। ਮਨੁੱਖ ਉਵੇਂ ਇਕ ਨਹੀਂ ਹੋ ਸਕਦੇ ਜਿਵੇਂ ਪਿਤਾ ਅਤੇ ਪੁੱਤਰ ਹਨ।

ਮਨੁੱਖ ਬਣਨ ਤੋਂ ਪਹਿਲਾਂ ਅਤੇ ਮਨੁੱਖ ਬਣਨ ਦੇ ਬਾਅਦ ਦੇ ਆਪਣੇ ਵਜੂਦ ਵਿਚ ਯਿਸੂ ਕੋਲ ਪਿਤਾ ਦਾ ਜਲਾਲ ਅਤੇ ਕੁਦਰਤ ਸੀ ਅਤੇ ਹੁਣ ਵੀ ਹੈ। ਹਮੇਸ਼ਾ ਤੋਂ ਉਸ ਵਿਚ ਪਿਤਾ ਵਾਲਾ ਵਿਹਾਰ, ਚਰਿੱਤਰ ਅਤੇ ਸੋਚ ਹੈ। ਆਪਣੀ ਰੂਹਾਨੀ ਅਤੇ ਜਿਸਮਾਨੀ ਬਣਤਰ ਦੇ ਹਰ ਪਹਿਲੂ ਵਿਚ ਉਨ੍ਹਾਂ ਵਿਚ ਪੂਰੀ ਸਹਿਮਤੀ ਹੈ। ਇਸ ਕਰਕੇ ਯਿਸੂ ਪਿਤਾ ਦੀ ਮੁਕੰਮਲ ਤਸਵੀਰ ਹੈ। ਉਸ ਵਿਚ ਅਤੇ ਪਿਤਾ ਵਿਚ ਇੱਕੋ ਵਿਸ਼ਵ ਦਰਸ਼ਣ, ਉਹੀ ਰੂਹਾਨੀ, ਅਨਾਦੀ ਅਤੇ ਨੈਤਿਕ ਵਿਚਾਰ ਹੈ। ਜੇ ਕਿਸੇ ਨੂੰ ਯਿਸੂ ਦੇ ਨਜ਼ਰੀਏ ਅਤੇ ਵਿਚਾਰ ਨੂੰ ਸਮਝ ਦੀ ਸਮਝ ਆਵੇ ਤਾਂ ਉਹਨੂੰ ਇਨ੍ਹਾਂ ਪਹਿਲੂਆਂ ਵਿਚ ਪਿਤਾ ਦੀ ਵੀ ਸਮਝ ਆ ਜਾਂਦੀ ਹੈ। ਜਿਹੜੇ ਲੋਕ ਯਿਸੂ ਦੇ ਸੁਭਾਅ ਨੂੰ ‘‘ਵੇਖਦੇ’’ ਜਾਂ ਸਮਝਦੇ ਹਨ ਉਹ ਪਿਤਾ ਦੇ ਸੁਭਾਅ ਨੂੰ ਵੀ ਸਮਝ ਲੈਂਦੇ ਹਨ।

ਮਨੁੱਖ ਨੂੰ ਖ਼ੁਦਾ ਦੀ ਕੁਝ ਝਲਕ ਮਿਲੀ ਸੀ ਪਰ ਯਿਸੂ ਦੇ ਆਉਣ ਤੋਂ ਪਹਿਲਾਂ ਉਸ ਨੂੰ ਉਸ ਦੇ ਸੁਭਾਅ ਦਾ ਪੂਰਾ ਮੁਕਾਸ਼ਫ਼ਾ ਨਹੀਂ ਮਿਲਿਆ ਸੀ। ਯਿਸੂ ਨੇ ਥੋਮਾ ਨੂੰ ਸਮਝਾਇਆ ਸੀ, ‘‘ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ’’ (ਯੂਹੰਨਾ 14:9; ਵੇਖੋ ਯੂਹੰਨਾ 12:45)। ਯਿਸੂ ਮਨੁੱਖੀ ਤੌਰ ਤੇ ਦੇਹਧਾਰੀ ਹੋਇਆ ਖ਼ੁਦਾ ਸੀ (ਯੂਹੰਨਾ 1:14; 1 ਤਿਮੋਥਿਉਸ 3:16)।

ਖ਼ੁਦਾ ਅਦਿੱਖ ਹੈ, ਜਿਸ ਕਰਕੇ ਉਸ ਨੂੰ ਦੁਨਿਆਵੀ ਨਜ਼ਰੀਏ ਨਾਲ ਸਮਝਿਆ ਨਹੀਂ ਜਾ ਸਕਦਾ

ਹੈ। ਉਸ ਨੂੰ ਕਲਾਕਾਰਾਂ ਦੀਆਂ ਦੁਨਿਆਵੀ ਕਲਾਕ੍ਰਿਤੀਆਂ ਦੇ ਰਾਹੀਂ ਵਿਖਾਇਆ ਨਹੀਂ ਜਾ ਸਕਦਾ ਅਤੇ ਨਾ ਹੀ ਵਿਖਾਇਆ ਜਾਵੇਗਾ। ਸ਼ਰ੍ਹਾ ਦਿੱਤੇ ਜਾਣ ਵੇਲੇ ਖ਼ੁਦਾ ਦਾ ਕੋਈ ਰੂਪ ਵਿਖਾਈ ਨਹੀਂ ਦਿੱਤਾ ਸੀ। ਇਸੇ ਕਰਕੇ ਉਸ ਦੀ ਕੋਈ ਮੂਰਤ ਨਹੀਂ ਬਣਾਈ ਜਾਣੀ ਚਾਹੀਦੀ (ਵਿਵਸਥਾਸਾਰ 4:15–18)।

ਮੂਸਾ ਨੇ ਖ਼ੁਦਾ ਦਾ ਪਿੱਛਾ ਵੇਖਿਆ ਸੀ ਪਰ ਉਸ ਦਾ ਮੂੰਹ ਨਹੀਂ ਵੇਖਿਆ (ਕੂਚ 33:20–23); ਕਿਉਂਕਿ ਕੋਈ ਉਸਦਾ ਮੂੰਹ ਵੇਖ ਕੇ ਜ਼ਿੰਦਾ ਨਹੀਂ ਰਹਿ ਸਕਦਾ ਸੀ। ਹੋ ਸਕਦਾ ਹੈ ਕਿ ਖ਼ੁਦਾ ਨੇ ਮੂਸਾ ਦੀ ਨਜ਼ਰ ਬਦਲ ਦਿੱਤੀ ਹੋਵੇ ਤਾਂ ਜੋ ਉਹ ਉਸ ਨੂੰ ਵੇਖ ਸਕੇ ਜਿਸ ਨੂੰ ਮਨੁੱਖ ਦੀ ਨਜ਼ਰ ਆਮ ਤੌਰ ਤੇ ਵੇਖ ਨਹੀਂ ਸਕਦੀ। ਮਨੁੱਖੀ ਅੱਖਾਂ ਨਾਲ ਖ਼ੁਦਾ ਨੂੰ ਉਸ ਦੇ ਜਲੌ ਵਿਚ ਨਹੀਂ ਵੇਖਿਆ ਗਿਆ ਅਤੇ ਨਾ ਹੀ ਵੇਖਿਆ ਜਾ ਸਕਦਾ ਹੈ (ਯੂਹੰਨਾ 1:18; 6:46)। ਜਦੋਂ ਤਕ ਇਨਸਾਨ ਮਨੁੱਖੀ ਦੇਹ ਵਿਚ ਹੈ ਉਦੋਂ ਤਕ ਉਹ ਖ਼ੁਦਾ ਨੂੰ ਵੇਖ ਨਹੀਂ ਸਕਦਾ (1 ਤਿਮੋਥਿਉਸ 6:16; 1 ਯੂਹੰਨਾ 4:12)। ਸਿਰਫ਼ ਖ਼ੁਦਾ ਵਾਂਗ ਰੂਹਾਨੀ ਦੇਹ ਵਿਚ ਬਦਲ ਜਾਣ ਦੇ ਬਾਅਦ (1 ਕੁਰਿੰਥੀਆਂ 15:44; ਫ਼ਿਲਿੱਪੀਆਂ 3:21) ਹੀ ਮਸੀਹੀ ਆਦਮੀ ਖ਼ੁਦਾ ਨੂੰ ਅਤੇ ਉਸ ਦੇ ਚਿਹਰੇ ਨੂੰ ਵੇਖ ਸਕੇਗਾ (1 ਯੂਹੰਨਾ 3:2; ਪ੍ਰਕਾਸ਼ ਦੀ ਪੋਥੀ 22:4)।

**''ਸਾਰੀ ਸਰਿਸ਼ਟ ਵਿੱਚੋਂ ਜੇਠਾ''** (1:15)

ਪੌਲੁਸ ਨੇ ਯਿਸੂ ਨੂੰ **ਜੇਠਾ** ਵੀ ਦੱਸਿਆ। ਨਵੇਂ ਨੇਮ ਵਿਚ ''ਜੇਠਾ'' (*prōtotokos*) ਦੀ ਵਰਤੋਂ ਹੋਰਨਾ ਥਾਂਵਾਂ ਵਿਚ ਹੋਈ ਹੈ (ਇਬਰਾਨੀਆਂ 1:6; ਪ੍ਰਕਾਸ਼ ਦੀ ਪੋਥੀ 1:5)। ਇਹ ਸ਼ਬਦ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ ''prototype'' ਵਾਂਗ ਹੈ। ਐਡੂਅਰਡ ਸ਼ਵੇਜ਼ਰ ਦੇ ਅਨੁਸਾਰ, ''... ਜ਼ਰੂਰੀ ਨਹੀਂ ਕਿ ਇਹ ਪਰਗਟਾਵਾ ਇਕ ਵੱਡੇ ਭਰਾ ਦਾ ਸੰਕੇਤ ਦਿੰਦਾ ਹੋਵੇ, ਪਰ ਸਿਰਫ਼ ਖ਼ਾਸ ਰੁਤਬੇ ਵਾਲੇ ਦਾ ਜਿਹੜਾ ਆਪਣੇ ਪਿਤਾ ਦਾ ਪਿਆਰਾ ਹੋਵੇ।''[1]

ਇਬਰਾਨੀ ਪਰਿਵਾਰ ਵਿਚ ਜੇਠੇ ਦਾ ਰੁਤਬਾ ਸਭ ਤੋਂ ਉੱਪਰ ਹੁੰਦਾ ਹੈ। ਉਸ ਨੂੰ ਪਿਤਾ ਦੀ ਬਰਕਤ (ਉਤਪਤ 27:1–4, 19, 34–37) ਅਤੇ ਜਮਾਂਦਰੂ ਹੱਕ (ਉਤਪਤ 43:33) ਮਿਲਦਾ ਸੀ। ਆਪਣੇ ਭਰਾਵਾਂ ਵਿਚ ਉਸ ਨੂੰ ਆਗੂ ਦੇ ਰੂਪ ਵਿਚ ਮਾਣ ਦਿੱਤਾ ਜਾਂਦਾ ਸੀ, ਜਿਵੇਂ ਯਾਕੂਬ ਦੇ ਸਭ ਤੋਂ ਵੱਡੇ ਬੇਟੇ ਰੂਬਨ ਨੂੰ (ਵੇਖੋ ਉਤਪਤ 37:22, 23)। ਉਸ ਨੂੰ ਹੋਰਨਾਂ ਪੁੱਤਰਾਂ ਨੂੰ ਮਿਲਣ ਵਾਲੀ ਮੀਰਾਸ ਦੇ ਮੁਕਾਬਲੇ ਦੂਣਾ ਹਿੱਸਾ ਮਿਲਦਾ ਸੀ (ਵਿਵਸਥਾਸਾਰ 21:17)। ਕਈ ਮਾਮਲਿਆਂ ਵਿਚ ਭਾਵੇਂ ''ਜੇਠਾ'' ਸ਼ਬਦ ਦੀ ਵਰਤੋਂ ਪਹਿਲਾਂ ਜਨਮ ਲੈਣ ਵਾਲੇ ਬੱਚੇ ਲਈ ਕੀਤੀ ਜਾਂਦੀ ਸੀ (ਉਤਪਤ 19:34; 27:19), ਪਰ ਇਸ ਦੀ ਵਰਤੋਂ ਸਭ ਤੋਂ ਉੱਚੇ ਰੁਤਬੇ ਜਾਂ ਸਭ ਤੋਂ ਪਿਆਰੇ ਲਈ ਹੁੰਦੀ ਸੀ।

ਇਸਰਾਏਲ ਨੂੰ ਖ਼ੁਦਾ ਦਾ ਪਲੋਠਾ ਆਖਿਆ ਗਿਆ ਹੈ (ਕੂਚ 4:22)। ਦਾਊਦ ਨੂੰ ਜੇਠਾ (ਜ਼ਬੂਰ 89:27) ਅਤੇ ਅਫ਼ਰਾਈਮ ਨੂੰ ਵੀ (ਯਿਰਮਿਯਾਹ 31:9) ਪਲੋਠਾ ਦੱਸਿਆ ਗਿਆ ਹੈ। ਮਸੀਹੀ ਲੋਕਾਂ ਨੂੰ ਵੀ ਪਲੋਠੇ ਮੰਨਿਆ ਗਿਆ ਹੈ (ਇਬਰਾਨੀਆਂ 12:23), ਭਾਵੇਂ ਉਨ੍ਹਾਂ ਦੇ ਜਨਮ ਵੱਖੋ ਵੱਖ ਤਰਤੀਬ ਵਿਚ ਹੋਏ ਹਨ। ਇਸਰਾਏਲ ਖ਼ੁਦਾ ਦੀ ਮੁਬਾਰਕ ਕੌਮ ਸੀ ਨਾ ਕਿ ਕੌਮਾਂ ਵਿੱਚੋਂ ਪਹਿਲਾਂ ਜਨਮ ਲੈਣ ਵਾਲੀ। ਦਾਊਦ ਆਪਣੇ ਪਰਿਵਾਰ ਵਿਚ ਅਠਵੀਂ ਸੰਤਾਨ ਸੀ (1 ਸਮੂਏਲ 16:10, 11), ਅਤੇ ਅਫ਼ਰਾਈਮ ਯੂਸਫ਼ ਦਾ ਦੂਜਾ ਪੁੱਤਰ ਸੀ (ਉਤਪਤ 41:51, 52)। ਇਨ੍ਹਾਂ ਆਇਤਾਂ ਵਿਚ ''ਪਲੋਠਾ'' ਦਾ ਮਤਲਬ ਉਹ ਲੋਕ ਨਹੀਂ ਹੋ ਸਕਦੇ ਜਿਨ੍ਹਾਂ ਦਾ ਜਨਮ ਪਹਿਲਾਂ ਹੋਇਆ ਹੋਵੇ। ਇਸ ਦੀ ਥਾਂ ''ਪਲੋਠਾ'' ਜੇਠੇ ਦੇ ਰੁਤਬੇ ਅਤੇ ਬਰਕਤਾਂ ਵਾਸਤੇ ਵਰਤਿਆ ਗਿਆ ਹੈ।

> ''ਸਾਰੀ ਸਰਿਸ਼ਟ ਵਿੱਚੋਂ ਜੇਠਾ'' ਵਾਕ ਅੰਸ਼ ਦਾ ਮਤਲਬ ਇਹ ਨਹੀਂ ਹੋ ਸਕਦਾ ਕਿ ਪੁੱਤਰ ਆਪ ਵੀ ਬਹੁਤ ਵੱਡੀ ਕਤਾਰ ਵਿਚ ਲੱਗਾ ਮੋਹਰੀ ਭਾਵ ਸਰਿਸ਼ਟੀ ਹੈ, ਜੋ ਕਿ ਆਇਤ 16

> ਤੋਂ ਬਿਲਕੁਲ ਸਾਬਤ ਹੋ ਜਾਂਦਾ ਹੈ। ਉਹ ਹਰ ਪ੍ਰਾਣੀ ਤੋਂ ਪਹਿਲਾਂ, ਨਿਰਾਲਾ ਅਤੇ ਬੇਹੱਦ ਉੱਚਾ ਕੀਤਾ ਗਿਆ ਹੈ। ਜੇਠੇ ਦੇ ਰੂਪ ਵਿਚ ਉਹ ਸਭ ਦਾ ਵਾਰਿਸ ਅਤੇ ਹਾਕਿਮ ਹੈ।[2]

ਕੁਝ ਲੋਕ ਯਿਸੂ ਨੂੰ ਜਿਵੇਂ ਕਿ ਇੱਥੇ ਅਤੇ ਹੋਰਨਾਂ ਥਾਂਵਾਂ ਵਿਚ ਦੱਸਿਆ ਗਿਆ ਹੈ, ਜੇਠਾ ਇਸ ਕਰਕੇ ਮੰਨਦੇ ਹਨ (ਰੋਮੀਆਂ 8:29; ਕੁਲੁੱਸੀਆਂ 1:18; ਇਬਰਾਨੀਆਂ 1:6; ਪ੍ਰਕਾਸ਼ ਦੀ ਪੋਥੀ 1:5) ਕਿਉਂ ਜੋ ਉਹ ਮਰੀਅਮ ਦੀ ਪਹਿਲੀ ਸੰਤਾਨ, ਯੂਸੁਫ਼ ਦੇ ਪਰਿਵਾਰ ਵਿੱਚੋਂ ਜੇਠਾ ਸੀ। ਪਰ ਲਗਦਾ ਨਹੀਂ ਹੈ ਕਿ ਅਜਿਹਾ ਹੋਵੇ। ਇਸ ਪਿਛੋਕੜ ਵਿਚ ਪੌਲੁਸ ਯਿਸੂ ਨੂੰ ਉਨ੍ਹਾਂ ਸਾਰਿਆਂ ਦੇ ਸਬੰਧ ਵਿਚ ਜਿਨ੍ਹਾਂ ਨੂੰ ਸਿਰਜਿਆ ਗਿਆ ਹੈ, ਜੇਠੇ ਦੀ ਸ਼ਾਨ ਅਤੇ ਮਾਣ ਹੋਣ ਨੂੰ ਵਿਖਾਉਂਦਾ ਹੈ। ਜੇਠੇ ਦੇ ਤੌਰ ਤੇ ਉਸ ਨੂੰ ‘‘ਤਰਜੀਹ ਅਤੇ ਹੱਕ ਜਾਂ ਸ਼ਕਤੀ ਹੈ।’’[3]

ਐਚ. ਸੀ. ਜੀ. ਮਾਊਲ ਨੇ ਧਿਆਨ ਦੁਆਇਆ ਹੈ ਕਿ ਜ਼ਬੂਰ 89:27 ‘‘ਮਸੀਹਾ ਦੇ ‘ਪਲੋਠਾ’ ਰੁਤਬੇ ਦੀ ... ਫ਼ਲਸਤੀਨੀ ਯਹੂਦੀ ਪ੍ਰਾਸੰਗਿਕਤਾ ਬਣਾਉਂਦਾ ਹੈ।’’[4] ‘‘ਪਲੋਠਾ’’ ਸ਼ਬਦ ਦੇ ਸਬੰਧ ਵਿਚ ਉਸ ਨੇ ਹੋਰ ਅਖਿਆ:

> ਇਸ ਦੀ ਵਰਤੋਂ ਅਤੇ ਇਨ੍ਹਾਂ ਸਬੰਧਾਂ ਵਿਚ ਅਧਿਐਨ ਕਰਕੇ ਇਹ ਸ਼ਬਦ (ੳ) *ਵਜੂਦ ਦੀ ਤਰਜੀਹ* ਦਾ ਸੰਕੇਤ ਦਿੰਦਾ ਹੈ ਤਾਂ ਜੋ ਪੁੱਤਰ ਫਿਰਦੇ ਹੋਏ ਸੰਸਾਰ ਦੇ ਪੂਰਬਵਰਤੀ ਦੇ ਰੂਪ ਵਿਚ ਅਤੇ ਵਜੂਦ ਦੀ ਅਨਾਦੀ ਤਰਤੀਬ ਨਾਲ ਜੁੜਿਆ ਹੋਣ ਦੇ ਰੂਪ ਵਿਚ ਵਿਖਾਈ ਦਵੇ (ਅਗਲਾ ਸੰਦਰਭ ਵੇਖੋ); (ਅ) ਅਨਾਦੀ ਜੇਠਾ ਹੋਣ ਦੇ ਹੱਕ *[ਪਹਿਲਾਂ ਹੋਣਾ]* ਦੇ ਇਸ ਹੱਕ ਨਾਲ ‘‘ਸਾਰੀ ਸਰਿਸ਼ਟ’’ *ਉੱਤੇ ਪ੍ਰਭੂ ਹੋਣਾ*।[5]

ਯਹੋਵਾਹ ਵਿਟਨੈੱਸ ਵਾਲਿਆਂ ਦੀ ਸਿੱਖਿਆ ਹੈ ਕਿ ‘‘ਪਲੋਠਾ’’ ਹੋਣ ਦੇ ਨਾਤੇ ਯਿਸੂ ਖ਼ੁਦਾ ਦੀ ਰਚਨਾ ਵਿਚ ਸਭ ਤੋਂ ਪਹਿਲਾ ਹੈ। ਉਨ੍ਹਾਂ ਦਾ ਕਹਿਣਾ ਹੈ:

> *[ਯਿਸੂ]* ਨੂੰ ਖ਼ੁਦਾ ਦਾ ‘‘ਇਕਲੌਤਾ’’ ਪੁੱਤਰ ਦੇ ਨਾਲ ਨਾਲ ‘‘ਜੇਠਾ’’ ਵੀ ਆਖਿਆ ਗਿਆ ਹੈ (ਯੂਹੰਨਾ 1:14; 3:16; ਇਬਰਾਨੀਆਂ 1:6), ਇਸ ਦਾ ਮਤਲਬ ਹੈ ਕਿ ਉਸ ਨੂੰ ਖ਼ੁਦਾ ਦੇ ਹੋਰਨਾਂ ਸਭ ਰੂਹਾਨੀ ਪੁੱਤਰਾਂ ਦੇ ਰਚੇ ਜਾਣ ਤੋਂ ਪਹਿਲਾਂ ਬਣਾਇਆ ਗਿਆ ਸੀ ਅਤੇ ਸਿਰਫ਼ ਉਹੀ ਇਕੱਲਾ ਹੈ ਜਿਸ ਨੂੰ ਖ਼ੁਦਾ ਵੱਲੋਂ ਸਿੱਧੇ ਰਚਿਆ ਗਿਆ ਹੈ। ਬਾਈਬਲ ਦੱਸਦੀ ਹੈ ਕਿ ਇਹ ‘‘ਜੇਠਾ’’ ਪੁੱਤਰ ਹੋਰਨਾਂ ਸਭ ਚੀਜ਼ਾਂ ਦੀ ਰਚਨਾ ਵਿਚ ਯਹੋਵਾਹ ਦੇ ਨਾਲ ਸੀ (ਕੁਲੁੱਸੀਆਂ 1:15, 16)।[6]

ਯਹੋਵਾਹ ਵਿਨਟੈੱਸ ਵਾਲਿਆਂ ਵੱਲੋਂ ਵਰਤੇ ਜਾਣ ਵਾਲੇ ਨਿਊ ਵਰਡ ਟ੍ਰਾਂਸਲੇਸ਼ਨ ਵਿਚ ਕੁਲੁੱਸੀਆਂ 1:16 ਵਿਚ ‘‘ਹੋਰ’’ ਸ਼ਬਦ ਜੋੜਿਆ ਗਿਆ ਹੈ: ‘‘ਓਸੇ ਵਿਚ *[ਹੋਰ]* ਸਾਰੀਆਂ ਵਸਤਾਂ ਦੀ ਰਚਨਾ ਹੋਈ।’’[7] ਮਤਲਬ ਇਹ ਹੈ ਕਿ ਯਿਸੂ ਸਿਰਜਿਆ ਗਿਆ ਅਤੇ ਉਸ ਦੇ ਬਾਅਦ ਹਰ ਦੂਜੀ ਚੀਜ਼ ਰਚੀ ਗਈ। ਇਹ ਉਸ ਨੂੰ ਫ਼ਰਿਸ਼ਤਿਆਂ ਵਾਂਗ ਸਿਰਜੇ ਹੋਣਾ ਬਣਾ ਦਿੰਦਾ ਹੈ। ਯਿਸੂ ਫ਼ਰਿਸ਼ਤਾ ਨਹੀਂ ਹੈ ਬਲਕਿ ਉਹ ਫ਼ਰਿਸ਼ਤਿਆਂ ਨਾਲੋਂ ਉੱਪਰ ਹੈ ਅਤੇ ਉਹ ਉਸ ਦੀ ਬੰਦਗੀ ਕਰਦੇ ਹਨ (ਇਬਰਾਨੀਆਂ 1:4, 6)।

ਯੂਨਾਨੀ ਭਾਸ਼ਾ ਦੇ ਨਵੇਂ ਨੇਮ ਵਿਚ ਆਖਿਆ ਗਿਆ ਹੈ, *en autō ektisthē ta panta* (‘‘ਉਸ ਦੇ ਵਿਚ ਸਭਨਾਂ ਵਸਤਾਂ ਦੀ ਰਚਨਾ ਹੋਈ’’)। ‘‘ਹੋਰ’’ ਸ਼ਬਦ ਨਾ ਤਾਂ ਧਰਮ ਪੁਸਤਕ ਵਿਚ ਮਿਲਦਾ ਹੈ ਅਤੇ ਨਾ ਉਸ ਵਿਚ ਇਸ ਦਾ ਸੰਕੇਤ ਹੈ। ‘‘ਹੋਰ’’ ਇਕ ਨਾਂਹਵਾਚਕ ਧਰਮਸ਼ਾਸਤਰੀ ਦੀ ਟਿੱਪਣੀ ਦੇ ਰੂਪ ਵਿਚ ਜੋੜਿਆ ਗਿਆ ਹੈ ਨਾ ਕਿ ਯੂਨਾਨੀ ਧਰਮਸ਼ਾਸਤਰ ਦੇ ਧਿਆਨ ਨਾਲ ਕੀਤੇ

ਗਏ ਅਨੁਵਾਦ ਦੇ ਰੂਪ ਵਿਚ। ਜੋ ਕੁਝ ਸਿਰਜਿਆ ਗਿਆ ਹੈ ਉਹ ਉਸ ਦੀ ਹਰ ਚੀਜ਼ ਨੂੰ ਯਿਸੂ ਨੇ ਸਿਰਜਿਆ ਹੈ। ''ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇਕ ਵਸਤੁ ਭੀ ਉਸ ਤੋਂ ਬਿਨਾ ਨਹੀਂ ਰਚੀ ਗਈ'' (ਯੂਹੰਨਾ 1:3)। ਜਦ ਤਕ ਯਿਸੂ ਨੇ ਆਪਣੇ ਆਪ ਨੂੰ ਸਿਰਜਿਆ ਨਾ ਹੋਵੇ ਇਹ ਤੱਥ ਫ਼ੈਸਲਾਕੁੰਨ ਢੰਗ ਨਾਲ ਇਹ ਸਾਬਿਤ ਕਰਦਾ ਹੈ ਕਿ ਯਿਸੂ ਸਿਰਜਿਆ ਹੋਇਆ ਜੀਵ ਨਹੀਂ ਹੈ। ਨਿਊ ਵਰਲਡ ਟ੍ਰਾਂਸਲੇਸ਼ਨ ਦੇ ਅਨੁਵਾਦਕਾਂ ਨੇ ਇਸ ਗੱਲ ਨੂੰ ਸਮਝਿਆ ਕਿ ਉਨ੍ਹਾਂ ਦੀ ਥਿਓਲੋਜੀ ਉਸ ਦੇ ਸਭ ਵਸਤਾਂ ਨੂੰ ਰਚਣ ਦੀ ਗੱਲ ਇਕ ਮੁਸ਼ਕਿਲ ਹੈ, ਜਿਸ ਕਰਕੇ ਉਨ੍ਹਾਂ ਨੇ ਇਹ ਅਰਥ ਦੇਣ ਲਈ ਕਿ ਉਸ ਨੇ ਸਭ ਵਸਤਾਂ ਦੀ ਰਚਨਾ ਨਹੀਂ ਕੀਤੀ, ਬਲਕਿ ਆਪਣੇ ਆਪ ਨੂੰ ਛੱਡ ਕੇ ਹੋਰ ਸਭ ਵਸਤਾਂ ਦੀ ਰਚਨਾ ਕੀਤੀ, ''ਹੋਰ'' ਸ਼ਬਦ ਨੂੰ ਜੋੜ ਦਿੱਤਾ।

ਯਿਸੂ ਉਹ ਨਹੀਂ ਹੋ ਸਕਦਾ ਜਿਸ ਨੂੰ ਸਿਰਜਿਆ ਗਿਆ ਜਾਂ ਜਿਹੜਾ ਖ਼ੁਦਾ ਤੋਂ ਜੰਮਿਆ ਹੋਵੇ। ਉਹ ਅਨਾਦੀ ਹੈ (ਮੀਕਾ 5:2), ਜਿਸ ਦਾ ਨਾ ਤਾਂ ਆਦਿ ਹੈ ਅਤੇ ਨਾ ਅੰਤ (ਇਬਰਾਨੀਆਂ 7:3)। ਉਹ ਪਲੋਠਾ ਇੱਜ਼ਤ ਦਾ ਸਭ ਤੋਂ ਉੱਚਾ ਰੁਤਬਾ ਪਾਉਣ ਦੇ ਅਰਥ ਵਿਚ ਹੈ, ਨਾ ਕਿ ਜਨਮ ਜਾਂ ਸਰਿਸ਼ਟੀ ਵਿਚ ਸਮੇਂ ਦੀ ਤਰਤੀਬ ਦੇ ਅਰਥ ਵਿਚ।

ਪੌਲੁਸ ਨੇ ਯਿਸੂ ਨੂੰ ''ਆਦਿ'' ਕਿਹਾ (ਕੁਲੁੱਸੀਆਂ 1:18)। ਇਹ ਅਤੇ ਯੂਹੰਨਾ ਦੀ ਗੱਲ ਕਿ ਯਿਸੂ ''ਪਰਮੇਸ਼ੁਰ ਦੀ ਸਰਿਸ਼ਟ ਦਾ ਮੁੱਢ ਹੈ'' (ਪ੍ਰਕਾਸ਼ ਦੀ ਪੋਥੀ 3:14) ਯਹੋਵਾਹ ਵਿਟਨੈੱਸ ਵਾਲਿਆਂ ਵੱਲੋਂ ਕੀਤੀ ਗਲਤ ਵਿਆਖਿਆ ਹੈ। ਪ੍ਰਕਾਸ਼ ਦੀ ਪੋਥੀ 3:14 ਵਿਚ ''ਮੁੱਢ'' ਦੇ ਸਬੰਧ ਵਿਚ NASB ਵਿਚ ਸਹੀ ਟਿੱਪਣੀ ਕਰਕੇ ਆਖਿਆ ਗਿਆ ਹੈ, ''ਭਾਵ ਮੂਲ ਜਾਂ ਸਰੋਤ।'' ਨਵੇਂ ਨੇਮ ਦੀਆਂ ਕੁਝ ਹੋਰ ਆਇਤਾਂ ਵਿਚ ''ਆਦਿ'' ਦੀ ਵਰਤੋਂ ਇੱਸੇ ਅਰਥ ਵਿਚ ਹੋਈ ਹੈ। ''ਆਦਿ'' (*archē*) ਸ਼ਬਦ ਦਾ ਅਰਥ ਸ਼ੁਰੂਆਤੀ ਪੁਆਇੰਟ ਅਤੇ ਪਲ ਹੋ ਸਕਦਾ ਹੈ, ਜਦ ਕਿਸੇ ਚੀਜ਼ ਦੀ ਸ਼ੁਰੂਆਤ ਹੋਈ ਹੋਵੇ (ਮੱਤੀ 24:8, 21)। ਇਸ ਦੀ ਵਰਤੋਂ ਪਹਿਲੇ ਕਾਰਣ ਭਾਵ ਆਰੰਭ ਦੇ ਕਾਰਣ ਦੇ ਵਸੀਲੇ ਦੇ ਰੂਪ ਵਿਚ ਵੀ ਕੀਤੀ ਜਾਂਦੀ ਹੈ। ਪ੍ਰਕਾਸ਼ ਦੀ ਪੋਥੀ ਵਿਚ ਯੂਹੰਨਾ ਨੇ ਇਸ ਦੀ ਵਰਤੋਂ ਹਰ ਵਾਰ ਯਿਸੂ ਲਈ ਕੀਤੀ (21:6; 22:13)। ਉਹ ''ਆਦਿ ਅਤੇ ਅੰਤ'' ਹੈ, ਭਾਵ ਜਿਸ ਨੇ ਹਰ ਚੀਜ਼ ਦੀ ਸ਼ੁਰੂਆਤ ਕੀਤੀ ਅਤੇ ਜਿਹੜਾ ਹਰ ਚੀਜ਼ ਦਾ ਅੰਤ ਕਰੇਗਾ।

ਪ੍ਰਕਾਸ਼ ਦੀ ਪੋਥੀ ਦੇ ਹਵਾਲਿਆਂ ਵਿਚ ਜੇ ''ਆਦਿ'' ਨੂੰ ''ਵਸੀਲੇ'' ਦੇ ਰੂਪ ਵਿਚ ਨਹੀਂ ਮੰਨਿਆ ਜਾਂਦਾ ਤਾਂ ''ਅੰਤ'' ਨੂੰ ''ਵਸੀਲੇ'' ਦੇ ਰੂਪ ਵਿਚ ਵੀ ਨਹੀਂ ਵੇਖਿਆ ਜਾਣਾ ਚਾਹੀਦਾ। ਨਿਚੋੜ ਇਹੀ ਹੋਵੇਗਾ ਕਿ ਯਿਸੂ ਦਾ ਆਦਿ ਸੀ ਅਤੇ ਅੰਤ ਹੋਵੇਗਾ, ਜੋ ਕਿ ਸੱਚ ਨਹੀਂ ਹੈ। ਮਤਲਬ ਇਹ ਹੈ ਕਿ ਯਿਸੂ ਆਦਿ ਦਾ ਦੇਣ ਵਾਲਾ ਹੈ ਅਤੇ ''ਅੰਤ'' ਦਾ ਵੀ ਦੇਣ ਵਾਲਾ ਹੈ। ਉਹ ਸਾਰੀ ਸਰਿਸ਼ਟ ਦਾ ''ਆਦਿ'' ਹੈ ਭਾਵ ਸਰਿਸ਼ਟ ਦੀ ਹਰ ਵਸਤ ਓਸੇ ਦੇ ਰਾਹੀਂ ਹੈ।

ਐਲਬਰਟ ਆਈਨਸਟਾਈਨ ਨੂੰ ਸਾਪੇਖਤਾ ਦੀ ਥਿਉਰੀ ਦਾ ਜਨਕ ਆਖਿਆ ਜਾ ਸਕਦਾ ਹੈ। ਅਜਿਹਾ ਕਹਿਣ ਤੋਂ ਭਾਵ ਇਹ ਨਹੀਂ ਹੋਵੇਗਾ ਕਿ ਸਾਪੇਖਤਾ ਦੀ ਥਿਊਰੀ ਕਰਕੇ ਆਈਨਸਟਾਈਨ ਦਾ ਆਰੰਭ ਹੋਇਆ, ਬਲਕਿ ਇਸ ਦਾ ਮਤਲਬ ਇਹ ਹੋਵੇਗਾ ਕਿ ਵਸੀਲੇ ਦੇ ਰੂਪ ਵਿਚ ਉਸ ਨੇ ਸਾਪੇਖਤਾ ਦੀ ਥਿਊਰੀ ਦਾ ਆਰੰਭ ਕੀਤਾ। ਇਹੀ ਗੱਲ ਯਿਸੂ ਲਈ ਹੈ ਕਿ ਉਹ ਸਰਿਸ਼ਟੀ ਦਾ ਦੇਣ ਵਾਲਾ ਅਤੇ ਕਾਰਣ ਹੈ ਜਿਸ ਦੇ ਰਾਹੀਂ ਹਰ ਚੀਜ਼ ਹੋਂਦ ਵਿਚ ਆਈ।

ਯੂਹੰਨਾ 1:14 ਵਿਚ ਯਿਸੂ ਨੂੰ ''ਇਕਲੌਤਾ'' (*monogenēs*) ਕਿਹਾ ਗਿਆ ਹੈ, *mono* ਜਿਸ ਦਾ ਅਰਥ ''ਇਕ'' ਅਤੇ *genos* ਜਿਸ ਦਾ ਅਨੁਵਾਦ ''ਸੰਤਾਨ, ਗੁਣ ਜਾਂ ਉੱਤਮ'' ਦੇ ਰੂਪ ਵਿਚ ਕੀਤਾ ਜਾਂਦਾ ਹੈ, ਦਾ ਮੇਲ ਹੈ।[8] ਇਸ ਦਾ ਅਰਥ ਹੈ ਕਿ ਇਸ ਦੇ ਇਕਲੌਤਾ ਹੋਣ ਦੇ ਅਰਥ ਵਿਚ, ਮੂਲ ਦਾ ਵਿਚਾਰ ਇਸ ਸ਼ਬਦ ਵਿਚ ਨਹੀਂ ਮਿਲਦਾ। ਇਸ ਦਾ ਅਰਥ ਹੈ ''ਇੱਕੋ ਕਿਸਮ ਦਾ, ਸੁਭਾਅ ਵਿਚ ਨਿਰਾਲਾ, ਆਪਣੇ ਆਪ ਵਿਚ ਇਕ ਵਰਗ।'' *Monogenēs* ਦੀ ਵਰਤੋਂ ਇਕਲੌਤੇ

ਪੁੱਤਰ (ਲੂਕਾ 7:12; 9:38), ਜੈਰੁਸ ਦੀ ਧੀ (ਲੂਕਾ 8:42), ਅਤੇ ਇਜ਼ਹਾਕ (ਇਬਰਾਨੀਆਂ 11:17) ਲਈ ਹੋਈ ਹੈ। ਹਾਜ਼ਰਾ ਤੋਂ ਇਸਮਾਈਲ (ਉਤਪਤ 16:15) ਅਤੇ ਕਤੂਰਾ ਤੋਂ ਹੋਰ ਛੇ ਬੱਚਿਆਂ ਸਣੇ (ਉਤਪਤ 25:1, 2) ਅਬਰਾਹਾਮ ਦੇ ਇਜ਼ਹਾਕ ਦੇ ਇਲਾਵਾ ਹੋਰ ਬੱਚੇ ਸਨ। ਇਸ ਦੇ ਬਾਵਜੂਦ ਇਸਹਾਕ ਅਬਰਾਹਾਮ ਦਾ ਇਕਲੌਤਾ ਪੁੱਤਰ ਸੀ, ਭਾਵ ਨਿਰਾਲਾ ਪੁੱਤਰ ਸੀ, ਉਸ ਵਰਗ ਵਿਚ ਸਿਰਫ਼ ਇੱਕੋ ਸੀ।

ਮੂਲ ਹੋਣ ਦੇ ਅਰਥ ਵਿਚ ਯਿਸੂ ਇਕਲੌਤਾ ਸੀ। ਪਿਤਾ ਨਾਲ ਆਪਣੇ ਸਬੰਧ ਵਿਚ ਆਪਣੇ ਆਪ ਵਿਚ ਹੀ ਇਕ ਵਰਗ ਵਿਚ ਉਹ ਇਕ ਤਰ੍ਹਾਂ ਦਾ ਨਿਰਾਲੇ ਸੁਭਾਅ ਵਾਲਾ ਸੀ। ਯਿਸੂ ਦੇ ਸਬੰਧ ਵਿਚ *monogenēs* ਸ਼ਬਦ ਦਾ ਅਨੁਵਾਦ ਨਵੇਂ ਨੇਮ ਵਿਚ ਸਿਰਫ਼ ਪੰਜ ਵਾਰ ''ਇਕਲੌਤਾ'' ਹੋਇਆ ਹੈ (ਯੂਹੰਨਾ 1:14, 18; 3:16, 18; 1 ਯੂਹੰਨਾ 4:9)। ਇਸ ਪਰਗਟਾਵੇ ਦਾ ਮਤਲਬ ਇਹ ਨਹੀਂ ਮੰਨਿਆ ਜਾਣਾ ਚਾਹੀਦਾ ਕਿ ਯਿਸੂ ਦਾ ਕੋਈ ਆਰੰਭ ਸੀ।

ਇਸ ਵਿਚਾਰ ਦੀ ਹਮਾਇਤ ਦੀ ਇਨ੍ਹਾਂ ਗੱਲਾਂ ਨਾਲ ਵਧੀਆ ਸਮੀਖਿਆ ਹੋ ਜਾਂਦੀ ਹੈ:

> (1) ਪ੍ਰਮਾਣਿਤ ਸ਼ਬਦਕੋਸ਼ ਇਸ ਅਰਥ ਦੀ ਹਮਾਇਤ ਕਰਦੇ ਹਨ (ਉਦਾਹਰਣ ਲਈ, ਵੇਖੋ MM, ਸਫ਼ਾ 416; ਬਾਉਰ, ਸੋਧ, ਸਫ਼ਾ 527)। (2) ਪੁਰਾਤਨ ਲਾਤੀਨੀ MSS ਵਿਚ *unigenitus* (''ਸਿਰਫ਼ ਇਕਲੌਤਾ'') ਦੀ ਥਾਂ ਲਾਤੀਨੀ *unicus* (''ਸਿਰਫ਼'') ਦੇ ਨਾਲ *monogenes* ਦਿੱਤਾ ਗਿਆ ਹੈ। ਵਲਗੇਟ ਜੇਰੋਮ ਨੇ ਧਰਮ ਸ਼ਾਸਤਰੀ ਕਾਰਣਾਂ ਕਰਕੇ ਭਾਵ ਇਹ ਯਕੀਨੀ ਬਣਾਉਣ ਲਈ ਕਿ ਇਹ ਸਿੱਖਿਆ ਕਿ ਯਿਸੂ ''ਨੇ ਜਨਮ ਲਿਆ, ਨਾ ਕਿ ਸਿਰਜਿਆ ਗਿਆ।'' (*unicus* ਨੂੰ *unigenitus* (''ਇਕਲੌਤਾ'') ਵਿਚ ਬਦਲ ਦਿੱਤਾ। ਧਰਮਸ਼ਾਸਤਰੀ ਦਿਲਚਸਪੀ ਦੀ ਕਮੀ ਵਾਲੀਆਂ ਆਇਤਾਂ [ਲੂਕਾ 7:12; 8:42; 9:38] ਵਿਚ ਉਸ ਨੇ *monogenes* ਦੇ ਅਨੁਵਾਦ ਦੇ ਰੂਪ ਵਿਚ *unicus* ਨੂੰ ਰੱਖਿਆ।) AV ਅਤੇ ਉਸ ਦੇ ਬਾਅਦ ਦੇ ਅੰਗ੍ਰੇਜ਼ੀ ਅਨੁਵਾਦਾਂ ਉੱਤੇ ਵਲਗੇਟ ਦਾ ਅਸਰ ਰਿਹਾ। (3) ਇਬਰਾਨੀ *yahid* ਲਈ *monogenes* ਲਈ LXX ਦੀ ਵਰਤੋਂ ਅਤੇ ਲੂਕਾ 7:12; 8:42; 9:38; ਅਤੇ 11:17 ਦੇ ਨਿਯਮ ਦੀ ਵਰਤੋਂ ਸਾਫ਼ ਤੌਰ ਤੇ ''ਸਿਰਫ਼'' ਦੇ ਅਰਥ ਦੀ ਹਮਾਇਤ ਕਰਦੀ ਹੈ। (4) 1 ਕਲੇਮੈਂਟ 25:2 ਵਿਚ ਫ਼ੇਲਿਕਸ ਪੰਛੀ ਦਾ ਹਵਾਲਾ (ਜੋ ਨਾ ਜੰਮਿਆ ਸੀ ਅਤੇ ਨਾ ਉਸ ਨੂੰ ਜਨਮ ਦਿੱਤਾ ਗਿਆ) *monogenes* ਦੇ ਰੂਪ ਵਿਚ ਆਪਣੀ ਕਿਸਮ ਦੇ ਇੱਕੋ ਇਕ ਅਰਥ ਦੀ ਮੰਗ ਕਰਦਾ ਹੈ। (5) *Monogenes* ਦੇ ਰੂਪ ਵਿਚ ਯਿਸੂ ਦੇ ਵਿਲੱਖਣ ਹੋਣ ਦੇ ਯੂਹੰਨਾ ਦਾ ਜੋਰ *huios* ਸ਼ਬਦ ਸਿਰਫ਼ ਯਿਸੂ ਲਈ ਉਸ ਦੇ ਰਾਖਵੇਂ ਰੱਖਣ ਨਾਲ ਨਜ਼ਰਅੰਦਾਜ਼ ਹੁੰਦਾ ਹੈ ਕਿਉਂ ਜੋ ਨਿਹਚਾਵਾਨਾਂ ਨੂੰ ਉਹ *tekna* ਭਾਵ ''ਸੰਤਾਨ'' ਆਖਦਾ ਹੈ।[9]

ਜੋ ਕੁਝ ਸਿਰਜਿਆ ਗਿਆ ਹੈ ਯਿਸੂ ਉਸ ਸਭ ਦਾ ਵਸੀਲਾ ਹੈ। ਸਭ ਦੇ ਸਿਰਜਣਹਾਰ ਦੇ ਰੂਪ ਵਿਚ ਉਹ ਉਸ ਸਭ ਤੋਂ ਉੱਪਰ ਹੈ ਜੋ ਸਿਰਜਿਆ ਗਿਆ ਹੈ। ਉਹ ਖ਼ੁਦਾ ਦਾ ਇੱਕੋ ਅਤੇ ਨਿਰਾਲਾ ਪੁੱਤਰ ਹੈ।

## ਸਾਰੀਆਂ ਵਸਤਾਂ ਓਸੇ ਤੋਂ ਉਤਪੰਨ ਹੋਈਆਂ (1:16)

**16ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਓਸੇ ਤੋਂ ਉਤਪੰਨ ਹੋਈਆਂ, ਨਾਲੇ ਦਿੱਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖ਼ਤਿਆਰ, ਸੱਭੋ ਕੁਝ ਉਸ ਦੇ ਰਾਹੀਂ ਅਤੇ ਓਸੇ ਦੇ ਲਈ ਉਤਪੰਨ ਹੋਇਆ ਹੈ।**

ਇਹ ਵਿਖਾਉਣ ਦੇ ਬਾਅਦ ਯਿਸੂ ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸਰਿਸ਼ਟ ਵਿੱਚੋਂ ਜੇਠਾ

ਹੈ (ਆਇਤ 15), ਪੌਲੁਸ ਇਸ ਸ਼ਾਨਦਾਰ ਹਕੀਕਤ ਵੱਲ ਮੁੜ ਗਿਆ ਕਿ ਯਿਸੂ ਸਭ ਕਾਸੇ ਦਾ ਰਚਣਹਾਰਾ ਹੈ। ਜੇ ਕੋਈ ਸਰਿਸ਼ਟੀ ਨਾਲ ਯਿਸੂ ਦੇ ਸਬੰਧ ਨੂੰ ਸਮਝਣਾ ਚਾਹੇ ਤਾਂ ਉਹਦੇ ਲਈ ਆਇਤਾਂ 16 ਅਤੇ 17 ਵਿਚ ਉਹ ਮੁੱਖ ਵਾਕ ਅੰਸ਼ ਹਨ ਜਿਨ੍ਹਾਂ ਨੂੰ ਸਮਝਣਾ ਜ਼ਰੂਰੀ ਹੈ।

**''ਕਿਉਂ ਜੋ ਸਾਰੀਆਂ ਵਸਤਾਂ ਓਸੇ ਤੋਂ ਉਤਪੰਨ ਹੋਈਆਂ''** (1:16)

ਇਸ ਆਇਤ ਦੀ ਸ਼ੁਰੂਆਤ ਵਿਆਖਿਆਤਮਕ ਭਾਗ ਨੂੰ ਪਰਗਟ ਕਰਨ ਵਾਲੇ ਸ਼ਬਦਾਂ **ਕਿਉਂ ਜੋ** (*hoti*) ਦੇ ਨਾਲ ਹੁੰਦੀ ਹੈ। ਇਸ ਗੱਲ ਦਾ ਸੰਕੇਤ ਦਿੰਦਿਆਂ ਕਿ ਅਗਲੀਆਂ ਗੱਲਾਂ ਹੁਣੇ ਹੁਣੇ ਚਰਚਾ ਕੀਤੀਆਂ ਗਈਆਂ ਪ੍ਰਭੂ ਦੀ ਧਾਰਮਿਕਤਾ ਅਤੇ ਪ੍ਰਭੂਤਾ ਦਾ ਸਬੂਤ ਹਨ, ਇਹ 15 ਅਤੇ 16 ਆਇਤਾਂ ਨੂੰ ਜੋੜਦਾ ਹੈ।

**ਉਤਪੰਨ ਹੋਈਆਂ** (*ektisthē*, ਮੂਲ ਸ਼ਬਦ *ktizō* ਤੋਂ) ਦਾ ਅਰਥ ਹੈ ''ਸਿਫ਼ਰ ਤੋਂ ਹੋਂਦ ਵਿਚ ਲਿਆਂਦਾ ਗਿਆ।'' ਯਿਸੂ ''ਜੇਠਾ'' ਭਾਵ ਸਾਰੀ ਸਰਿਸ਼ਟ ਵਿਚ ਸਰੇਸ਼ਟ ਹੈ, ''ਕਿਉਂ ਜੋ'' ਜਾਂ ਇਸ ਕਰਕੇ ਕਿ ਉਸ ਨੇ ਸਭ ਕੁਝ ਰਚਿਆ ਹੈ। ''ਘਰ ਨਾਲੋਂ ਜਿੰਨਾ ਘਰ ਦਾ ਬਣਾਉਣ ਵਾਲਾ ਆਦਰ ਦੇ ਜੋਗ ਹੁੰਦਾ ਹੈ'' (ਇਬਰਾਨੀਆਂ 3:3)। ਜੇਠਾ ਪੁੱਤਰ ਦੇ ਰੂਪ ਵਿਚ ਉਸਦਾ ਅਹੁਦਾ ਅਤੇ ਆਦਰ ਉਸ ਦੇ **ਸਾਰੀਆਂ ਵਸਤਾਂ** ਦੀ ਰਚਨਾ ਕਰਨ ਦੇ ਅਧਾਰ ਤੇ ਹੈ ਜਿਸ ਵਿਚ ''ਅਕਾਸ਼ ਅਤੇ ਧਰਤੀ'' (ਉਤਪਤ 1:1) ਅਤੇ ਸਾਰੀ ਦੁਨੀਆਂ ਆਉਂਦੀ ਹੈ।

ਅਨੁਵਾਦ ਹੋਇਆ ਉਪਸਰਗ **ਵਿਚ** ਯੂਨਾਨੀ ਭਾਸ਼ਾ ਵਿਚ *en* ਹੈ। ਕਈਆਂ ਦਾ ਮੰਨਣਾ ਹੈ ਕਿ *en* ਨੂੰ ਆਪਣੇ ਮੂਲ ਅਰਥ ''ਵਿਚ'' ਰਹਿਣ ਦੇਣਾ ਚਾਹੀਦਾ ਹੈ: ''ਉਪਸਰਗ 'ਵਿਚ' ਮਸੀਹ ਦਾ 'ਦਾਇਰਾ' ਦੇ ਰੂਪ ਵਿਚ ਦੱਸਦਾ ਹੈ ਜਿਸ ਦੇ ਅੰਦਰ ਸਰਿਸ਼ਟ ਦਾ ਕਾਰਜ ਹੋਇਆ ਹੈ।''[10]

ਨਵੇਂ ਨੇਮ ਵਿਚ ਸਬੰਧਿਤ ਸਾਰੇ ਹਵਾਲਿਆਂ ਵਿਚ ਸਰਿਸ਼ਟ ਵਿਚ ਯਿਸੂ ਦੀ ਹਿੱਸੇਦਾਰੀ ਯੂਨਾਨੀ ਉਪਸਰਗ *dia* ਦੇ ਰਾਹੀਂ ਵਿਖਾਈ ਗਈ ਹੈ, ਇਸਦਾ ਅਰਥ ਹੈ ''ਦੇ ਰਾਹੀਂ'' (ਯੂਹੰਨਾ 1:3, 10; 1 ਕੁਰਿੰਥੀਆਂ 8:6; ਇਬਰਾਨੀਆਂ 1:2)। ਸਭ ਕੁਝ ਜੋ ਵੀ ਰਚਿਆ ਗਿਆ ਉਸ ਦੀ ਰਚਨਾ ਯਿਸੂ ''ਦੇ ਰਾਹੀਂ'' ਹੋਈ। ਉਹ, ਉਹ ਜ਼ਰੀਆ ਸੀ ਜਿਸ ਦੇ ਰਾਹੀਂ ਸਭ ਕੁਝ ਰਚਿਆ ਗਿਆ।

ਸਰਿਸ਼ਟੀ ਵਿਚ ਪਿਤਾ ਅਤੇ ਪੁੱਤਰ ਦੋਵੇਂ ਲੱਗੇ ਸਨ। ਇਸ ਤੱਥ ਦਾ ਕਿ ਖ਼ੁਦਾ ਨੇ ਆਕਾਸ਼ ਅਤੇ ਧਰਤੀ ਦੀ ਰਚਨਾ ਕੀਤੀ ਅਤੇ ਯਿਸੂ ਨੇ ''ਸਾਰੀਆਂ ਵਸਤਾਂ'' ਉਤਪੰਨ ਕੀਤੀਆਂ, ਮਤਲਬ ਇਹ ਹੈ ਕਿ ਯਿਸੂ ਖ਼ੁਦਾ ਹੈ ਪਰ ਪਿਤਾ ਨਹੀਂ ਹੈ; ਪੁੱਤਰ ਦੇ ਰੂਪ ਵਿਚ ਉਸਨੇ ਸਿਰਜਣਹਾਰ ਦੀ ਭੂਮਿਕਾ ਵਿਚ ਪਿਤਾ ਦੇ ਨਾਲ ਸਾਥ ਦਿੱਤਾ।

ਸੰਸਾਰ ਅਤੇ ਜੀਵਨ ਦੇ ਹਰ ਰੂਪ ਦੀ ਹੋਂਦ ਦੇ ਲਈ ਤਿੰਨ ਅਧਾਰ ਦਿੱਤੇ ਗਏ ਹਨ: (1) ਉਨ੍ਹਾਂ ਦੀ ਰਚਨਾ ਹੋਈ ਜਾਂ ਨਹੀਂ ਹੋਈ। (2) ਉਨ੍ਹਾਂ ਦਾ ਡਿਜ਼ਾਈਨ ਕੀਤਾ ਗਿਆ ਜਾਂ ਨਹੀਂ ਕੀਤਾ ਗਿਆ। (3) ਗਿਆਨ ਜਾਂ ਅਗਿਆਨਤਾ ਨੇ ਉਹਨੂੰ ਹੋਂਦ ਵਿਚ ਲਿਆਂਦਾ।

ਜੇ ਸੰਸਾਰ ਦੀ ਸਰਿਸ਼ਟ ਨਹੀਂ ਹੋਈ ਤਾਂ ਪਦਾਰਥ ਸਨਾਤਨਕਾਲ ਤੋਂ ਅਤੇ ਸਨਾਤਨਕਾਲ ਤਕ ਹੈ। ਵਿਗਿਆਨਕਾਂ ਨੇ ਇਹ ਤੈਅ ਕੀਤਾ ਹੈ ਕਿ ਸੰਸਾਰ ਜਾਂ ਪਦਾਰਥ ਸਨਾਤਨ ਨਹੀਂ ਸੀ। ਜਿਸ ਦਾ ਅਰਥ ਇਹ ਹੈ ਕਿ ਇਸ ਨੂੰ ਰਚਿਆ ਗਿਆ ਹੋਵੇਗਾ। ਅਲੌਕਿਕ ਹਾਈਡ੍ਰੋਜਨ ਜਿਹੜੀ ਸੰਸਾਰ ਦੇ ਤਾਰਿਆਂ ਨੂੰ ਜਗਮਗਾਉਂਦੀ ਹੈ, ਘੱਟ ਹੋ ਰਹੀ ਹੈ। ਸਰੋਤ ਦੀ ਅਜਿਹੀ ਵਰਤੋਂ ਹਮੇਸ਼ਾ ਤੋਂ ਨਹੀਂ ਹੁੰਦੀ ਰਹੀ ਅਤੇ ਨਾ ਹੀ ਹਮੇਸ਼ਾ ਤਕ ਹੋ ਸਕਦੀ ਹੈ। ਕਿਸੇ ਵਕਤ ਸੰਸਾਰ ਨੂੰ ਇਸਦੀ ਊਰਜਾ ਦਿੱਤੀ ਜਾਣੀ ਸੀ। ਇਸ ਦੀ ਜ਼ਰੂਰ ਹੀ ਸ਼ੁਰੂਆਤ ਹੋਈ ਸੀ।

ਜੇ ਸੰਸਾਰ ਦਾ ਆਰੰਭ ਹੋਇਆ ਸੀ ਤਾਂ ਜਾਂ ਤਾਂ ਇਸ ਨੂੰ ਡਿਜ਼ਾਈਨ ਕੀਤਾ ਗਿਆ ਸੀ ਜਾਂ ਨਹੀਂ ਕੀਤਾ ਗਿਆ ਸੀ। ਸੰਸਾਰ ਦੇ ਬਹੁਤ ਸਾਰੇ ਪਹਿਲੂ ਹਨ, ਜਿਵੇਂ ਖਗੋਲੀ ਪਿੰਡਾਂ ਦੀ ਹਲਚਲ, ਧਰਤੀ

ਦੇ ਹਾਲਾਤ ਅਤੇ ਜੀਵਧਾਰੀ ਜੰਤੂਆਂ ਅਤੇ ਵਨਸਪਤੀ ਦੀ ਰਚਨਾ ਡਿਜ਼ਾਈਨ ਨੂੰ ਵੀ ਵਿਖਾਉਂਦੇ ਹਨ। ਜੇ ਡਿਜ਼ਾਈਨ ਹੈ ਤਾਂ ਉਹ ਸ਼ਕਤੀ ਜਿਸ ਨੇ ਇਸ ਨੂੰ ਬਣਾਇਆ ਉਸ ਵਿਚ ਡਿਜ਼ਾਈਨ ਬਣਾਉਣ ਦੀ ਸਮਰੱਥਾ ਹੋਣੀ ਜ਼ਰੂਰੀ ਹੈ।

ਸੰਸਾਰ ਦਾ ਡਿਜ਼ਾਈਨ ਜਾਂ ਤਾਂ ਗਿਆਨਤਾ ਤੋਂ ਮਿਲਿਆ ਜਾਂ ਅਗਿਆਨਤਾ ਤੋਂ। ਨਰ ਅਤੇ ਮਾਦਾ ਪ੍ਰਜਨਨ ਦੇ ਯੋਗ ਹੋਣ ਦੇ ਲਈ ਇਕ ਦੂਜੇ ਤੋਂ ਵੱਖ ਕਿਵੇਂ ਵਧ ਸਕਦੇ ਸਨ? ਵਿਕਾਸਵਾਦ ਦੇ ਕਰੋੜਾਂ ਸਾਲਾਂ ਦੀ ਗੱਲ ਇਸ ਦਾ ਜਵਾਬ ਨਹੀਂ ਹੈ। ਹਰ ਪ੍ਰਜਾਤੀ ਲਈ ਜਾਂ ਤਾਂ ਇਕ ਪੀੜ੍ਹੀ ਨੇ ਪ੍ਰਜਨਨ ਕਰਨਾ ਸੀ ਜਾਂ ਖ਼ਤਮ ਹੋ ਜਾਣਾ ਸੀ। ਸਰਿਸ਼ਟੀ ਦੇ ਪ੍ਰਜਨਨ ਦੇ ਕਈ ਹੋਰ ਫ਼ਰਕ ਪਹਿਲੂ ਬੁੱਧ ਦੇ ਡਿਜ਼ਾਈਨ ਨੂੰ ਵਿਖਾਉਂਦੇ ਹਨ, ਜਿਨ੍ਹਾਂ ਨੂੰ ਪਦਾਰਥ ਪੈਦਾ ਨਹੀਂ ਕਰ ਸਕਦਾ। ਬੁੱਧ ਦੀ ਮਦਦ ਦੇ ਬਗੈਰ ਪਦਾਰਥ ਤਰਤੀਬ ਦੀ ਬਜਾਇ ਬੇਤਰਤੀਬ ਵੱਲ ਨੂੰ ਵਧਦਾ ਹੈ। ਅਗਿਆਨਤਾ ਵਿਚ ਡਿਜ਼ਾਈਨ ਬਣਾਉਣ ਦੀ ਯੋਗਤਾ ਨਹੀਂ ਹੈ, ਇਸ ਲਈ ਸਹੀ ਨਿਚੋੜ ਇਹ ਹੈ ਕਿ ਬੁੱਧਵਾਨ ਡਿਜ਼ਾਈਨਰ ਖ਼ੁਦਾ ਨੇ ਹੀ ਸੰਸਾਰ ਦੀ ਰਚਨਾ ਕੀਤੀ।

ਇਸ ਸਿਰਜੇ ਸੰਸਾਰ ਦੇ ਬੁਨਿਆਦੀ ਤਰਕ ਬਾਈਬਲ ਇਸ ਤਰ੍ਹਾਂ ਦਿੰਦੀ ਹੈ:

> ਅਕਾਸ਼ ਪਰਮੇਸ਼ੁਰ ਦੀ ਮਹਿਮਾ ਦਾ ਵਰਣਨ ਕਰਦੇ ਹਨ (ਜ਼ਬੂਰ 19:1)।
>
> ਕਿਉਂਕਿ ਉਹਦਾ ਅਣਡਿੱਠ ਸੁਭਾਉ ਅਰਥਾਤ ਉਹ ਦੀ ਅਨਾਦੀ ਸਮਰੱਥਾ ਅਤੇ ਈਸ਼ੁਰਤਾਈ ਉਹ ਦੀ ਰਚਨਾ ਤੋਂ ਚੰਗੀ ਤਰਾਂ ਦਿੱਸ ਪੈਂਦੀ ਹੈ। ਇਸ ਕਰਕੇ ਉਨ੍ਹਾਂ ਦੇ ਲਈ ਕੋਈ ਉਜ਼ਰ ਨਹੀਂ (ਰੋਮੀਆਂ 1:20)।
>
> ਹਰੇਕ ਘਰ ਤਾਂ ਕਿਸੇ ਨਾ ਕਿਸੇ ਦਾ ਬਣਾਇਆ ਹੋਇਆ ਹੁੰਦਾ ਹੈ ਪਰ ਜਿਹ ਨੇ ਸੱਭੋ ਕੁਝ ਬਣਾਇਆ ਉਹ ਪਰਮੇਸ਼ੁਰ ਹੈ (ਇਬਰਾਨੀਆਂ 3:4)।

ਅਲੌਕਿਕ ਜੀਵ ਵੱਲੋਂ ਸੰਸਾਰ ਦੀ ਰਚਨਾ ਨੂੰ ਠੁਕਰਾਉਣ ਦੇ ਲਈ ਇਹ ਯਕੀਨ ਹੋਣਾ ਜ਼ਰੂਰੀ ਹੈ ਕਿ ਪਦਾਰਥ ਸਨਾਤਨ ਹੈ, ਉਸ ਵਿਚ ਜੀਵਨ ਦੇ ਵੱਖੋ ਵੱਖ ਰੂਪਾਂ ਦਾ ਡਿਜ਼ਾਈਨ ਬਣਾਉਣ ਦੀ ਕੁੱਵਤ ਹੈ ਅਤੇ ਉਹ ਸੰਸਾਰ ਵਿਚ ਇਕਸੁਰਤਾ ਨੂੰ ਬਣਾਈ ਰੱਖ ਸਕਦਾ ਹੈ। ਇਸ ਦੇ ਲਈ ਵਿਗਿਆਨਕ ਨਿਯਮਾਂ ਨੂੰ ਨਜ਼ਰਅੰਦਾਜ਼ ਕਰਨਾ ਜ਼ਰੂਰੀ ਹੈ। ਕੁਝ ਅਸਾਨ ਜਿਹੀਆਂ ਉਦਾਹਰਣਾਂ ਹਨ ਕਿ ਜੀਵਨ ਜੀਵਨ ਤੋਂ ਆਉਂਦਾ ਹੈ, ਊਰਜਾ ਦਾ ਕੰਮ ਹੋਣਾ ਊਰਜਾ ਦੇ ਸਰੋਤ ਹੋਣ ਦੀ ਮੰਗ ਕਰਦਾ ਹੈ, ਸਮਝ ਸਮਝ ਨਾਲ ਹੀ ਆਉਂਦੀ ਹੈ ਅਤੇ ਡਿਜ਼ਾਈਨ, ਡਿਜ਼ਾਈਨ ਬਣਾਉਣ ਵਾਲੇ ਦੇ ਕਾਰਣ ਹਨ। ਕਥਿਤ ਬੇਪਰਤੀਤੇ ਲਈ ਅੰਤਰਯਾਮੀ ਅਤੇ ਸਰਬਸ਼ਕਤੀਮਾਨ ਖ਼ੁਦਾ ਦੀ ਸਿਰਚਣਹਾਰੀ ਬੁੱਧ ਦੇ ਇਲਾਵਾ ਦੁਨੀਆਂ ਦੇ ਅਜੂਬਿਆਂ ਨੂੰ ਮੰਨਣਾ ਚਾਹੀਦਾ ਹੈ।

ਗਿਆਨਵਾਦ ਜੋ ਕਿ ਦੂਜੀ ਸਦੀ ਵਿਚ ਵਧਿਆ, ਮਸੀਹੀਅਤ ਦੀਆਂ ਕੁਝ ਬੁਨਿਆਦੀ ਸਿੱਖਿਆਵਾਂ ਨੂੰ ਨਕਾਰਦਾ ਸੀ। ਇਸਦੀ ਸਿੱਖਿਆ ਸੀ ਕਿ ਨਿਰੋਲ ਆਤਮਾ ਹੋਣ ਕਰਕੇ ਜੋ ਪਵਿੱਤਰ ਚਾਨਣ ਵਿਚ ਵਾਸ ਕਰਦਾ ਹੈ, ਖ਼ੁਦਾ ਪੂਰੀ ਤਰ੍ਹਾਂ ਨਾਲ ਪਦਾਰਥ ਅਤੇ ਪਾਪ ਦੇ ਹਨੇਰੇ ਨਾਲੋਂ ਅੱਡ ਹੈ। ਇਸ ਦੇ ਵਿਚਾਰ ਵਿਚ ਜਿਸਮਾਨੀ ਦੇਹ ਵਿਚ ਆਉਣਾ ਅੰਸਭਵ ਸੀ, ਅਤੇ ਉਹ ਪਦਾਰਥ ਨੂੰ ਉਸਦੇ ਬਣਾਉਣ ਨੂੰ ਨਕਾਰਦੇ ਸਨ। ਉਹ ਤਰਕ ਦਿੰਦੇ ਸਨ ਕਿ ਖ਼ੁਦਾ, ਜੋ ਕਿ ਪਾਪ ਨਾਲੋਂ ਐਨਾ ਅੱਡ ਹੈ, ਪਾਪ ਨਾਲ ਗੰਦਲੇ ਹੋਏ ਸੰਸਾਰ ਦੀ ਰਚਨਾ ਨਹੀਂ ਕਰ ਸਕਦਾ ਸੀ। ਇਸ ਕਰਕੇ ਉਨ੍ਹਾਂ ਦਾ ਮੰਨਣਾ ਸੀ ਕਿ ਜਿਸਮਾਨੀ ਸੰਸਾਰ ਦੀ ਮਹਾਕਾਲਾਂ ਦੀਆਂ ਘਟਨਾਵਾਂ ਦੀ ਗਲਤੀ ਨਾਲ, ਖ਼ੁਦਾ ਤੋਂ ਘੱਟ ਖ਼ੁਦਾ ਅਤੇ ਅੰਤ ਵਿਚ ਬੁਰੇ ਪਦਾਰਥ ਤੋਂ ਨਿੱਕਲਣ ਤੋਂ ਬਣਿਆ ਹੋਵੇਗਾ। ਸੰਸਾਰ ਦੇ ਸ਼ੁਰੂਆਤ ਦੀ ਗਿਆਨਵਾਦੀਆਂ ਦੀ ਬਾਅਦ

ਦੀ ਸਿੱਖਿਆ ਕੁਲੁੱਸੀਆਂ ਵਿਚ ਪੌਲੁਸ ਦੀ ਸਿੱਖਿਆ ਨਾਲੋਂ ਉਲਟ ਹੈ। ਉਸ ਨੇ ਯਕੀਨ ਦੁਆਇਆ ਕਿ ਯਿਸੂ ਹੀ ਹੈ, ਜਿਸ ਦੇ ਰਾਹੀਂ ਸਾਰੀਆਂ ਵਸਤਾਂ ਦੀ ਰਚਨਾ ਹੋਈ, ਨਾ ਕਿ ਫ਼ਰਿਸ਼ਤਿਆਂ ਦੇ ਰਾਹੀਂ।

**''ਅਕਾਸ਼ ਅਤੇ ਧਰਤੀ ਉਤਲੀਆਂ'' (1:16)**

ਯਿਸੂ **ਅਕਾਸ਼ ਅਤੇ ਧਰਤੀ ਉਤਲੀਆਂ** ''ਸਭ ਵਸਤਾਂ'' ਦੀ ਰਚਨਾ ਦਾ ਜ਼ਰੀਆ ਸੀ। ''ਅਕਾਸ਼'' (*ouranois*) ਬਹੁਵਚਨ ਅਕਾਸ਼ (ਰਸੂਲਾਂ ਦੇ ਕੰਮ 14:17), ਅਕਾਸ਼ਾਂ ਤੋਂ ਉਤਾਹਾਂ (ਅਫ਼ਸੀਆਂ 4:10; ਇਬਰਾਨੀਆਂ 4:14; 7:26; 2 ਪਤਰਸ 3:7, 10), ਖ਼ੁਦਾ ਦੇ ਸੁਰਗੀ ਵਾਸ (ਮੱਤੀ 6:9; ਇਬਰਾਨੀਆਂ 8:1) ਨੂੰ ਕਿਹਾ ਗਿਆ ਹੈ। ਇਸ ਸ਼ਬਦ ਦਾ ਅਰਥ ਧਰਤੀ ਤੋਂ ਬਾਹਰ ਵਾਲਾ ਖੇਤਰ ਵੀ ਹੋ ਸਕਦਾ ਹੈ, ਜਿੱਥੇ ਚੰਗੇ ਅਤੇ ਮੰਦੇ ਰੂਹਾਨੀ ਜੀਵ ਰਹਿੰਦੇ ਹਨ (ਅਫ਼ਸੀਆਂ 1:10)। ਇਸ ਆਇਤ ਵਿਚ ਸੁਰਗ ਅਤੇ ਧਰਤੀ ''ਉਤਲੀਆਂ'' ਵਿਚ ਪੌਲੁਸ ਦੇ ਲਹਿਜ਼ੇ ਵਿਚ ਹੋ ਸਕਦਾ ਹੈ, ਜਿਸਦਾ ਅਰਥ ਇਨ੍ਹਾਂ ਥਾਂਵਾਂ ਵਿਚ ਰਹਿਣ ਵਾਲੇ ਸਭ ਹੋਣ। ਜੇ ਅਜਿਹਾ ਹੈ ਤਾਂ ਇਸ ਵਿਚ ਧਰਤੀ ਦੇ ਵਾਸੀ ਅਤੇ ਧਰਤੀ ਦੇ ਖੇਤਰ ਤੋਂ ਬਾਹਰ ਰਹਿਣ ਵਾਲੇ ਹਰ ਜੀਵ ਭਾਵੇਂ ਉਹ ਫ਼ਰਿਸ਼ਤੇ ਹੋਣ ਜਾਂ ਸ਼ੈਤਾਨੀ ਜੀਵ, ਹੋ ਸਕਦੇ ਹਨ।

ਅਕਾਸ਼ ਅਤੇ ਧਰਤੀ ਦੀ ਰਚਨਾ ਤੋਂ ਪਹਿਲਾਂ ਕੋਈ ਬੁਰਿਆਈ ਨਹੀਂ ਸੀ। ਕੋਈ ਸਰੀਰਕ ਚੀਜ਼ ਨਹੀਂ ਸੀ। ਖ਼ੁਦਾ ਦਾ ਰੂਹਾਨੀ ਖੇਤਰ ਹੀ ਸੀ। ਜਦ ਯਿਸੂ ਫੇਰ ਆਵੇਗਾ ਤਾਂ ਉਹ ਸਭ ਕੁਝ ਪਹਿਲਾਂ ਵਾਲੀ ਮੂਲ ਹਾਲਤ ਫੇਰ ਬਹਾਲ ਕਰ ਦਵੇਗਾ (ਰਸੂਲਾਂ ਦੇ ਕੰਮ 3:20, 21); ਫਿਰ ਕੁਝ ਵੀ ਸਰੀਰਕ ਨਹੀਂ ਰਹੇਗਾ। ਸਿਰਫ਼ ਸਨਾਤਨ, ਅਦਿੱਖ ਰੂਹਾਨੀ ਖੇਤਰ ਹੀ ਹੋਵੇਗਾ (2 ਕੁਰਿੰਥੀਆਂ 4:18) । ਸਿਰਜਣਹਾਰ ਦੇ ਰੂਪ ਵਿਚ ਧਰਤੀ ਦੇ ਜੀਵਾਂ, ਬਦਰੂਹਾਂ ਅਤੇ ਅਸਮਾਨੀ ਫ਼ੌਜਾਂ ਸਣੇ ਰਚੀ ਗਈ ਹਰ ਚੀਜ਼ ਵਿਚ ਯਿਸੂ ਜੇਠਾ ਹੈ (ਵੇਖੋ 1 ਪਤਰਸ 3:22)। ਪੂਰੇ ਅਕਾਸ਼ ਅਤੇ ਧਰਤੀ ਤੇ ਯਿਸੂ ਦੇ ਇਖ਼ਤਿਆਰ ਦਾ ਇੱਕੋ ਇਕ ਅਪਵਾਦ ਪਿਤਾ ਹੈ ਜਿਸ ਨੇ ਸਭ ਕੁਝ ਉਸ ਦੇ ਅਧੀਨ ਕਰ ਦਿੱਤਾ ਹੈ (1 ਕੁਰਿੰਥੀਆਂ 15:27)।

**''ਦਿੱਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ'' (1:16)**

ਨੰਗੀ ਅੱਖ ਲਈ ਰਚੀ ਗਈ ਹਰ ਚੀਜ਼ ਤੋਂ **ਦਿੱਸਣ** ਤੋਂ **ਨਾ ਦਿੱਸਣ** ਵਧੇਰੇ ਜ਼ਰੂਰੀ ਹੈ। ਹਰ ਜਿਸਮਾਨੀ ਚੀਜ਼ ਅਦਿੱਖ ਕਣਾਂ ਨਾਲ ਬਣਦੀ ਹੈ। ਬਾਈਬਲ ਇਹ ਕਹਿਣ ਵਿਚ ਵਿਗਿਆਨਕ ਤੌਰ ਤੇ ਸਹੀ ਹੈ ਕਿ ''ਜੋ ਕੁਝ ਵੇਖਣ ਵਿਚ ਆਉਂਦਾ ਹੈ ਸੋ ਡਿੱਠੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ ਹੈ'' (ਇਬਰਾਨੀਆਂ 11:3)। ਇਸਦਾ ਅਰਥ ਇਹ ਹੋ ਸਕਦਾ ਹੈ ਕਿ ਖ਼ੁਦਾ ਨੇ ਸਿਫ਼ਰ ਤੋਂ ਹੀ ਸਭ ਕੁਝ ਬਣਾਇਆ।

ਜੇ ਪੌਲੁਸ ਉਸ ਗੱਲ ਵੱਲ ਸੰਕੇਤ ਕਰ ਰਿਹਾ ਸੀ ਤਾਂ ਸੁਰਗ ਅਤੇ ਧਰਤੀ ਵਿਚ ਹੈ ਤਾਂ ਉਸ ਨੇ ਖ਼ੁਦਾ ਦੇ ਅਤੇ ਸ਼ੈਤਾਨ ਦੇ ਦੂਤਾਂ ਦੇ ਨਾਲ ਨਾਲ ਧਰਤੀ ਦੇ ਵਿਖਾਈ ਦੇਣ ਵਾਲੇ ਵਾਸੀ ਅਤੇ ਧਰਤੀ ਦੇ ਖੇਤਰ ਦੇ ਬਾਹਰ ਵਿਖਾਈ ਨਾ ਦੇਣ ਵਾਲੇ ਰੂਹਾਨੀ ਜੀਵਾਂ ਨੂੰ ਸ਼ਾਮਿਲ ਕੀਤਾ। ਸਾਨੂੰ ਸਨਾਤਨ, ਅਦਿੱਖ, ਸੁਰਗੀ ਖੇਤਰ ਤੇ ਨਜ਼ਰ ਲਾ ਕੇ ਰੱਖਣੀ ਚਾਹੀਦੀ ਹੈ (2 ਕੁਰਿੰਥੀਆਂ 4:18; ਕੁਲੁੱਸੀਆਂ 3:1)।

ਰਚਣਹਾਰਾ ਹੋਣ ਦੇ ਨਾਤੇ ਯਿਸੂ ਉਸ ਸਭ ਨਾਲੋਂ, ਜੋ ਸਿਰਜਿਆ ਗਿਆ ਹੈ ਉੱਚਾ ਹੈ, ਚਾਹੇ ਉਹ ਮਨੁੱਖੀ ਅੱਖਾਂ ਨੂੰ ਵਿਖਾਈ ਦਵੇ ਜਾਂ ਉਨ੍ਹਾਂ ਤੋਂ ਅਲੋਪ ਰਹੇ। ਇਸ ਕਾਰਣ ਕਿਸੇ ਵੀ ਚੀਜ਼ ਦੀ ਜੋ ਜਿਸਮਾਨੀ ਹੈ ਜਾਂ ਜੋ ਵਿਖਾਈ ਨਹੀਂ ਦੇ ਸਕਦੀ, ਜਿਵੇਂ ਸੁਰਗੀ ਵੀ ਅਤੇ ਹੋਰ ਕੋਈ ਵੀ ਜੀਵਨ ਉਸਦੀ ਉਪਮਾ ਜਾਂ ਕਿਸੇ ਵੀ ਪ੍ਰਕਾਰ ਦੀ ਆਸਥਾ ਰੱਖਣ ਦੀ ਲੋੜ ਨਹੀਂ ਹੈ। ਯਿਸੂ ਜੋ ਕੁਝ ਹੈ, ਉਸ ਦੇ ਕਾਰਣ ਸਾਨੂੰ ਉਸ ਦੇ ਅਧੀਨ ਹੋਣ, ਉਸ ਦਾ ਆਦਰ ਕਰਨਾ, ਉਸ ਦੀ ਉਪਾਸਨਾ ਕਰਨਾ ਅਤੇ ਉਸਦੇ ਹੁਕਮ

ਮੰਨਣੀ ਚਾਹੀਦੀ ਹੈ (ਅਫ਼ਸੀਆਂ 1:20–23; ਇਬਰਾਨੀਆਂ 1:6; 5:9)।

**''ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖ਼ਤਿਆਰ''** (1:16)

ਯਿਸੂ ਦੀ ਸਰਿਸ਼ਟ ਦੀ ਆਪਣੀ ਸੂਚੀ ਵਿਚ ਫੇਰ ਪੌਲੁਸ ਨੇ **ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖ਼ਤਿਆਰ** ਜੋੜ ਦਿੱਤਾ। ਇੱਥੇ ''ਯੂਨਾਨੀ ਸ਼ਬਦ ਵਿਚ ਬਿਨਾਂ ਸੰਖੇਪ ਫ਼ਰਕ ਦੇ ਇਰਾਦੇ ਨਾਲ ਚਾਰ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ; ਰੋਮੀਆਂ 8.38; 1 ਕੁਰਿੰਥੀਆਂ 15.24; ਅਫ਼ਸੀਆਂ 1:21, 3.10, 6.12; ਕੁਲੁੱਸੀਆਂ 2.10, 15; 1 ਪਤਰਸ 3.22 ਵਿਚ ਦਿੱਤੀ ਸੂਚੀ ਦੀ ਤੁਲਨਾ ਵੇਖੋ।''[11] ਡੇਵਿਡ ਐਮ. ਹੇਅ ਨੇ ਇਹ ਵਿਚਾਰ ਦਿੱਤਾ ਹੈ:

> 1:16 ਵਿਚ ''ਸਿੰਘਾਸਣ'' ਦਾ ਅਰਥ ਨਵੇ ਨੇਮ ਦੇ ਕਿਸੇ ਵੀ ਹਵਾਲੇ ਵਿਚ ਅਲੌਕਿਕ ਸ਼ਕਤੀਆਂ ਦੇ ਅਰਥ ਵਿਚ ਲੈਣ ਲਈ ਵਰਤਣ ਦੀ ਲੋੜ ਨਹੀਂ ਲਗਦੀ। ''ਹਕੂਮਤਾਂ'' ਦੀ ਵਰਤੋਂ ਫੇਰ ਤੋਂ ਸਿਰਫ਼ ਅਫ਼ਸੀਆਂ 1:21 ਵਿਚ ਹੋਈ ਹੈ। ਅਲੌਕਿਕ ''ਇਖ਼ਤਿਆਰ'' ਦੇ ਅਰਥ ਵਾਲੇ ਸ਼ਬਦ ਦੀ ਵਰਤੋਂ ਰੋਮੀਆਂ 8:38; 1 ਕੁਰਿੰਥੀਆਂ 15:24; ਅਫ਼ਸੀਆਂ 1:21; 3:10; ਅਤੇ 6:12 ਦੇ ਨਾਲ ਨਾਲ 2:10 ਅਤੇ 15 ਵਿਚ ਫੇਰ ਹੋਈ ਹੈ। ''ਸਮਰੱਥਾ'' ਦੇ ਰੂਪ ਵਿਚ ਅਨੁਵਾਦ ਹੋਣ ਵਾਲਾ ਸ਼ਬਦ ਰੋਮੀਆਂ 8:38 ਨੂੰ ਛੱਡ ਕੇ ਸਭ ਵਚਨਾਂ ਵਿਚ ''ਇਖ਼ਤਿਆਰ'' ਦੇ ਨਾਲ ਮਿਲਦਾ ਹੈ। ਸਾਫ਼ ਹੈ ਕਿ ਅਸੀਂ ਇੱਕੋ ਜਿਹੀ ਸ਼ਬਦਾਵਲੀ ਦਾ ਇਸਤੇਮਾਲ ਕਰ ਰਹੇ ਹਾਂ।[12]

ਇਨ੍ਹਾਂ ਚਾਰਾਂ ਸ਼ਬਦਾਂ ਨੂੰ ਸ਼ਾਮਿਲ ਕਰਕੇ ਪੌਲੁਸ ਪੱਕਾ ਕਰ ਰਿਹਾ ਸੀ ਕਿ ਯਿਸੂ ਹਰ ਸ਼ਕਤੀ ਨਾਲੋਂ ਜੋ ਪਾਈ ਜਾਂਦੀ ਹੈ ਉੱਚਾ ਹੈ ਅਤੇ ਹਰ ਸ਼ਕਤੀ ਉਸ ਉੱਤੇ ਨਿਰਭਰ ਹੈ। ਉਹ ਸੰਸਾਰ ਦੇ ਸਭ ਤੋਂ ਉੱਚੇ ਸੰਸਥਾਨਾਂ ਅਤੇ ਜੀਵਾਂ ਨਾਲੋਂ ਉੱਚਾ ਹੈ। ਧਰਤੀ ਦੀਆਂ ਸ਼ਕਤੀਆਂ ਸੁਰਗ ਦੇ ਦੂਤਾਂ ਅਤੇ ਸ਼ੈਤਾਨ ਦੀਆਂ ਸ਼ਕਤੀਆਂ ਸਣੇ ਸੁਰਗੀ ਫ਼ੌਜਾਂ ਵਾਂਗ ਉਸ ਦੇ ਹੇਠ ਹਨ (1 ਪਤਰਸ 3:22; ਇਬਰਾਨੀਆਂ 2:14; 1 ਯੂਹੰਨਾ 4:4)। ਕੁਲੁੱਸੀਆਂ ਨੂੰ ਸਿਰਫ਼ ਓਸੇ ਦੀ ਉਸਤਤ ਕਰਨ ਲਈ ਕਿਹਾ ਗਿਆ ਸੀ ਨਾ ਕਿ ਮੂਰਤਾਂ ਦੇ ਦੇਵਤਿਆਂ ਜਾਂ ਫ਼ਰਿਸ਼ਤਿਆਂ ਦੀ ਪੂਜਾ ਕਰਨ ਨੂੰ (ਕੁਲੁੱਸੀਆਂ 2:18)।

**''ਸੱਭੋ ਕੁਝ ਉਸ ਦੇ ਰਾਹੀਂ ਅਤੇ ਓਸੇ ਦੇ ਲਈ ਉਤਪੰਨ ਹੋਇਆ ਹੈ''** (1:16)

ਅਕਾਸ਼ ਅਤੇ ਧਰਤੀ ਯਿਸੂ ਦੇ ਰਾਹੀਂ ਰਚੇ ਹੀ ਨਹੀਂ ਗਏ ਸਨ, ਬਲਕਿ ਉਹ ਓਸੇ ਦੇ ਲਈ ਰਚੇ ਗਏ ਸਨ। ਉਹ ਜਿਸਮਾਨੀ ਦੁਨੀਆਂ ਦਾ ਮੁੱਢ ਅਤੇ ਇਸਦੀ ਹੋਂਦ ਦਾ ਕਾਰਣ ਸੀ।

ਯੂਨਾਨੀ ਕਿਰਿਆ ਰੂਪ *ektistai* **ਉਤਪੰਨ ਹੋਇਆ ਹੈ** ਸੁਝਾਅ ਦਿੰਦਾ ਹੈ ਕਿ ਸਰਿਸ਼ਟ ਕਿਸੇ ਵਕਤ ਬਣੀ ਅਤੇ ਜੋ ਕੁਝ ਰਚਿਆ ਗਿਆ ਉਹ ਆਪਣੇ ਇਸ ਰੂਪ ਵਿਚ ਯਿਸੂ ਦੇ ਰਾਹੀਂ ਅਤੇ ਯਿਸੂ ਦੇ ਲਈ ਬਣਿਆ ਰਹਿੰਦਾ ਹੈ। ''ਰਚਨਾਤਮਕ ਕਾਰਜ ਦੇ ਬਣੇ ਰਹਿਣ ਵਾਲੇ ਕੰਮ ਦੀ ਗੱਲ ਕਰਦੇ ਹੋਏ ਆਇਤ ਦੇ ਅੰਤ ਵਿਚ 'ਉਤਪਨ ਹੋਇਆ ਹੈ' ਦਾ ਕਾਲ ਸੰਪੂਰਣ ਹੈ।''[13] ਸਾਰੀ ਸਰਿਸ਼ਟ ਉਸ ਦੀ ਮਹਿਮਾ ਅਤੇ ਆਦਰ ਦੇ ਲਈ ਹਨ। ਪਿਤਾ ਦਾ ਇਹੀ ਇਰਾਦਾ ਸੀ ਕਿ ਉਸ ਦੀ ਸਰਿਸ਼ਟ ਦੇ ਰਾਹੀਂ ਯਿਸੂ ਨੂੰ ਧਰਤੀ ਦੇ ਅਤੇ ਸੁਰਗੀ ਜੀਵਾਂ ਰਾਹੀਂ ਉੱਚਾ ਕੀਤਾ ਜਾਵੇ।

**ਓਸੇ ਦੇ ਲਈ** ਵਾਕ ਅੰਸ਼ ਵਿਚ ਉਪਸਰਗ ''ਦੇ ਲਈ'' (*eis*, ਜਿਸਦਾ ਮੁੱਖ ਅਰਥ ''ਅੰਦਰ'' ਹੈ) ਇੱਥੇ ਇਰਾਦੇ ਜਾਂ ਪ੍ਰਾਪਤੀ ਨੂੰ ਵਿਖਾਉਂਦਾ ਹੈ।[14] ਰਸੂਲਾਂ ਦੇ ਕੰਮ 2:38 ਵਿਚ *eis* ਦਾ ਇਹੀ ਅਰਥ ਮਿਲਦਾ ਹੈ। ਪਤਰਸ ਨੇ ਕਿਹਾ ਕਿ ਯਹੂਦੀਆਂ ਦੇ ਲਈ ਪਛਤਾਵਾ ਅਤੇ ਪਾਪਾਂ ਦੀ ਮਾਫ਼ੀ ''ਦੇ ਲਈ'' *eis* ਬਪਤਿਸਮਾ ਲੈਣਾ ਜ਼ਰੂਰੀ ਸੀ। ਯਿਸੂ ਨੇ *eis* ਦੀ ਵਰਤੋਂ ਕੀਤੀ, ਜਦ ਉਸਨੇ ਕਿਹਾ

ਕਿ ਉਸਦਾ ਲਹੂ ਪਾਪਾਂ ਦੀ ਮਾਫ਼ੀ ''ਦੇ ਲਈ'' ਵਹਾਇਆ ਗਿਆ (ਮੱਤੀ 26:28)। ਜਿਸ ਤਰ੍ਹਾਂ ਨਾਲ ਸਰਿਸ਼ਟ ਦਾ ਉਦੇਸ਼ ਅਤੇ ਪ੍ਰਾਪਤੀ ਯਿਸੂ ਹੈ ਓਸੇ ਤਰ੍ਹਾਂ ਨਾਲ ਯਿਸੂ ਦੇ ਲਹੂ ਵਹਾਉਣ ਦਾ ਪਛਤਾਵੇ ਅਤੇ ਬਪਤਿਸਮਾ ਲੈਣ ਦਾ ਉਦੇਸ਼ ਅਤੇ ਪ੍ਰਾਪਤੀ ਪਾਪਾਂ ਦੀ ਮਾਫ਼ੀ ਹੈ। ਸੰਸਾਰ ਮਸੀਹ ਵਿਚ ਸਮਾਇਆ ਹੋਇਆ ਹੈ।

ਸੰਸਾਰ ਦਾ ਵਜੂਦ ਯਿਸੂ ਦੇ ਲਈ ਹੈ; ਕਿਉਂਕਿ ਉਹੀ ਹੈ ਜਿਸ ਦੇ ਲਈ ਇਸ ਨੂੰ ਭੇਜਿਆ ਗਿਆ ਸੀ। ਇਸੇ ਤਰ੍ਹਾਂ ਪੌਲੁਸ ਲਿਖਦਾ ਹੈ, ''ਕਿਉਂ ਜੋ ਉਹ ਤੋਂ ਅਤੇ ਓਸੇ ਦੇ ਵਸੀਲੇ ਨਾਲ ਅਤੇ ਓਸੇ ਦੇ ਲਈ [eis] ਸਾਰੀਆਂ ਵਸਤਾਂ ਹੋਈਆਂ ਹਨ'' (ਰੋਮੀਆਂ 11:36) ਅਤੇ ''... ਇੱਕੋ ਪਰਮੇਸ਼ੁਰ ਹੈ ਜੋ ਪਿਤਾ ਹੈ ਜਿਸ ਤੋਂ ਸੱਭੋ ਕੁਝ ਹੋਇਆ ਹੈ ਅਤੇ ਅਸੀਂ ਉਹਦੇ ਲਈ [eis] ਹਾਂ, ਪਰ ਇੱਕੋ ਪ੍ਰਭੂ ਹੈ ਜੋ ਯਿਸੂ ਮਸੀਹ ਹੈ ਜਿਹ ਦੇ ਰਾਹੀਂ ਸੱਭੋ ਕੁਝ ਹੋਇਆ ਨਾਲੇ ਅਸੀਂ ਵੀ'' (1 ਕੁਰਿੰਥੀਆਂ 8:6)। ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੈ ਕਿ ਸਾਡੀ ਹੋਂਦ ਪਿਤਾ ਦੇ ਲਈ ਅਤੇ ਪੁੱਤਰ ਦੇ ਲਈ ਹੈ। ਧਾਰਮਿਕਤਾ ਨੂੰ ਰੂਹਾਨੀ ਤੌਰ ਤੇ ਪੁੱਤਰ ਦੇ ਰਾਹੀਂ ਅਤੇ ਉਸਦੀ ਵਡਿਆਈ ਲਈ ਬਣਾਇਆ ਗਿਆ ਹੈ, ਤਾਂ ਜੋ ਉਹ ਉਨ੍ਹਾਂ ਨੂੰ ਪਿਤਾ ਸਪੁਰਦ ਕਰ ਸਕੇ। ਜਿਹੜੇ ਹੁਣ ਪੁੱਤਰ ਦੇ ਹਨ ਅਤੇ ਉਸਦੇ ਰਾਜ ਵਿਚ ਹਨ, ਅਖ਼ੀਰ ਵਿਚ ਉਹ ''ਆਪਣੇ ਪਿਤਾ ਦੇ ਰਾਜ ਵਿਚ ਸੂਰਜ ਵਾਂਙੁ ਚਮਕਣਗੇ'' (ਮੱਤੀ 13:43), ਜਦ ਉਹ ਰਾਜ ਨੂੰ ਪਿਤਾ ਨੂੰ ਸੌਂਪ ਦਵੇਗਾ (1 ਕੁਰਿੰਥੀਆਂ 15:24)।

## ਉਹ ਸਭ ਚੀਜ਼ਾਂ ਨੂੰ ਕਾਇਮ ਰੱਖਦਾ ਹੈ (1:17)

**17ਅਤੇ ਉਹ ਸਭ ਤੋਂ ਪਹਿਲਾਂ ਹੈ ਅਰ ਸੱਭੋ ਕੁਝ ਇਸੇ ਵਿਚ ਕਾਇਮ ਰਹਿੰਦਾ ਹੈ।**

**''ਉਹ ਸਭ ਤੋਂ ਪਹਿਲਾਂ ਹੈ''** (1:17)

ਇਨ੍ਹਾਂ ਸਾਰਿਆਂ ਦਾ ਕਿ ਯਿਸੂ **ਸਭ ਤੋਂ ਪਹਿਲਾਂ ਹੈ** ਦਾ ਅਰਥ ਹੈ ਕਿ ਉਹ ਸਿਰਜੀਆਂ ਗਈਆਂ ਚੀਜ਼ਾਂ ਵਿੱਚੋਂ ਨਹੀਂ ਹੈ। ''ਪਹਿਲਾਂ'' (*pro*) ਦੀ ਵਰਤੋਂ ਵਕਤ ਅਤੇ ਅਹੁਦੇ ਵਿਚ ਪਹਿਲ ਦੋਹਾਂ ਦੇ ਲਈ ਹੋ ਸਕਦੀ ਹੈ। ਨਵੇਂ ਨੇਮ ਵਿਚ ਘੱਟੋ ਘੱਟ ਦੋ ਵਾਰ ਇਸਦੀ ਵਰਤੋਂ ਅਹੁਦੇ ਦੇ ਅਰਥ ਵਿਚ ਕੀਤੀ ਗਈ ਹੈ (''ਸਭ ਤੋਂ ਪਹਿਲਾਂ''; ਯਾਕੂਬ 5:12; 1 ਪਤਰਸ 4:8)। ਸ਼ਾਇਦ ਪੌਲੁਸ ਦਾ ਇਰਾਦਾ ਦੋਹਾਂ ਵਿਚਾਰਾਂ ਦਾ ਸੀ। ਅੱਗੇ ਦਿੱਤੇ ਗਏ ਉਸ ਦੇ ਤਰਕਾਂ ਦੇ ਅਨੁਸਾਰ ਯਿਸੂ ਸਭ ਤੋਂ ਉੱਚਾ ਵੀ ਹੈ ਅਤੇ ਸਭ ਤੋਂ ਪਹਿਲਾਂ ਵੀ।

ਪੌਲੁਸ ਨੇ ਇਸ ਗੱਲ ਦੀ ਤਸਦੀਕ ਕੀਤੀ ਕਿ ਯਿਸੂ ਸਭ ਗੱਲਾਂ ਵਿਚ ਪਹਿਲਾਂ ''ਹੈ'' ਨਾ ਕਿ ਉਹ ਸਭ ਗੱਲਾਂ ਵਿਚ ਪਹਿਲਾਂ ''ਸੀ।'' ''ਹੈ'' ਦੀ ਵਰਤੋਂ ਕਰਕੇ ਉਸ ਨੇ ਸੰਕੇਤ ਕੀਤਾ ਕਿ ਵਰਤਮਾਨ ਕਾਲ ''ਹੈ'' (*estin*) ''ਐਲਾਨ ਕਰਦਾ ਹੈ ਕਿ ਉਹ ਪਹਿਲਾਂ ਵੀ ਸੀ ਅਤੇ ਮੁਕੰਮਲ ਤੌਰ ਤੇ ਹੋਂਦ ਵਿਚ ਹੈ''[15] ਇਹ ਕਹਿ ਕਿ ਕਿ ਉਹ ਪਿਤਾ ਦੇ ਨਾਲ ''ਜਗਤ ਦੇ ਹੋਣ ਤੋਂ ਅੱਗੇ'' ਸੀ, ਯਿਸੂ ਨੇ ਇਸ ਸਚਿਆਈ ਨੂੰ ਵਿਖਾਇਆ (ਯੂਹੰਨਾ 17:5)।

''ਚੀਜ਼ਾਂ'' ਹਰ ਜ਼ਿੰਦਾ ਅਤੇ ਮਰੀ ਵਸਤੂ ਸਣੇ ਜਿਹੜੀ ਮਨੁੱਖ ਦੀਆਂ ਨੰਗੀਆਂ ਅੱਖਾਂ ਨਾਲੋਂ ਵਿਖਾਈ ਦਿੰਦੀਆਂ ਹਨ ਜਾਂ ਵਿਖਾਈ ਨਹੀਂ ਦਿੰਦੀਆਂ, ਜਿਸਮਾਨੀ ਜਾਂ ਰੂਹਾਨੀ ਵਸਤਾਂ ਨੂੰ ਕਿਹਾ ਗਿਆ ਹੈ। ਇਸ ਤੱਥ ਦਾ ਕਿ ਯਿਸੂ ਸਭ ਗੱਲਾਂ ਤੋਂ ਪਹਿਲਾਂ ਹੈ, ਅਰਥ ਇਹ ਹੈ ਕਿ ਉਹ ਹਰ ਗੱਲ ਤੋਂ ਪਹਿਲਾਂ ਅਤੇ ਉੱਚਾ ਹੈ। ਹਰ ਚੀਜ਼ ਦੇ ਸ਼ੁਰੂਆਤ ਦੇ ਵੇਲੇ ਉਹ ਪਹਿਲਾਂ ਵੀ ਸੀ (ਯੂਹੰਨਾ 1:1)। ਉਹ ਸਭ ਵਸਤਾਂ ਤੋਂ ਪਹਿਲਾਂ ਹੈ ਕਿਉਂਕਿ ਉਸਦਾ ਕੋਈ ਅਰੰਭ ਨਹੀਂ ਸੀ।

**''ਅਰ ਸੱਭੋ ਕੁਝ ਇਸੇ ਵਿਚ ਕਾਇਮ ਰਹਿੰਦਾ ਹੈ''** (1:17)

ਯਿਸੂ ਉਸ ਸਭ ਨੂੰ ਬਰਕਰਾਰ ਰੱਖਦਾ ਹੈ, ਜਿਸ ਨੂੰ ਉਹ ਵਜੂਦ ਵਿਚ ਲਿਆਇਆ। ''ਉਹ ... ਆਪਣੇ ਸਮਰੱਥਾ ਦੇ ਵਚਨ ਨਾਲ ਸਭਨਾਂ ਵਸਤਾਂ ਨੂੰ ਸਮ੍ਹਾਲਦਾ ਹੈ'' (ਇਬਰਾਨੀਆਂ 1:3)। ਪੌਲੁਸ ਨੇ ਕਿਹਾ, **ਅਰ ਸੱਭੋ ਕੁਝ ਇਸੇ ਵਿਚ ਕਾਇਮ ਰਹਿੰਦਾ ਹੈ**। ਹਰ ਵਸਤ ''ਪਰਮੇਸ਼ੁਰ ਦੇ ਫ਼ਰਮਾਨ ਨਾਲ'' (ਇਬਰਾਨੀਆਂ 11:3) ਹੋਂਦ ਵਿਚ ਆਈ। ਸ਼ਬਦ ਜਿਸ ਦੇ ਰਾਹੀਂ ਸਭ ਕੁਝ ਰਚਿਆ ਗਿਆ, ਉਹੀ ਸ਼ਬਦ ਹੈ ਜਿਹੜਾ ਅਖ਼ੀਰ ਦੇ ਦਿਨਾਂ ਦੀ ਆਸ ਲਈ ਅਕਾਸ਼ ਅਤੇ ਧਰਤੀ ਨੂੰ ਬਣਾਈ ਰੱਖਦਾ ਹੈ (2 ਪਤਰਸ 3:5–7)। ਸੰਸਾਰ ਦਾ ਅਰੰਭ ਅਤੇ ਬਣੇ ਰਹਿਣਾ ਯਿਸੂ ਤੇ ਨਿਰਭਰ ਕਰਦਾ ਹੈ। ਉਸ ਸ਼ਬਦ ਦੇ ਰਾਹੀਂ ਸਭ ਕੁਝ ਰਚਿਆ ਗਿਆ ਅਤੇ ਕਾਇਮ ਰਹਿੰਦਾ ਹੈ; ਅਤੇ ਉਸ ਦੇ ਸ਼ਬਦ ਦੇ ਰਾਹੀਂ ਸਰਿਸ਼ਟ ਦਾ ਅੰਤ ਹੋ ਜਾਵੇਗਾ। ਹੁਣ ਇਹ ਬਣੀ ਰਹਿੰਦੀ ਹੈ, ਕਿਉਂਕਿ ਉਸਦੀ ਸਮਰੱਥਾ ਦਾ ਵਚਨ ਸਭ ਵਸਤਾਂ ਨੂੰ ਸੰਭਾਲੀ ਰੱਖਦਾ ਹੈ।

ਅਨੁਵਾਦ ਹੋਇਆ ਸ਼ਬਦ ''ਕਾਇਮ ਰਹਿੰਦੀ ਹੈ'' (*sunistēmi*) ਇਸ ਵਿਚਾਰ ਨੂੰ ਵਿਖਾਉਂਦਾ ਹੈ ਕਿ ਯਿਸੂ ਨੇ ਆਪਣੀ ਸਰਿਸ਼ਟ ਨੂੰ ਸਿਰਫ਼ ਕਾਇਮ ਰੱਖਣ ਲਈ ਹੀ ਨਹੀਂ ਬਣਾਇਆ ਬਲਕਿ ਇਸ ਨੂੰ ਕਾਇਮ ਰੱਖਦਾ ਵੀ ਹੈ। ਹਰ ਵਸਤ ਉਸਦੇ ਰਾਹੀਂ ਕਾਇਮ ਰੱਖੀ ਜਾਂਦੀ ਹੈ, ਇਸ ਲਈ ਸੰਸਾਰ ਇਧਰ ਉਧਰ ਨਹੀਂ ਹੈ। ਇਹ ਯਿਸੂ ਦੀ ਸਮਰੱਥਾ ਦੇ ਰਾਹੀਂ ਇਕ ਸਾਰ ਚਲਾਇਆ ਜਾਂਦਾ ਹੈ। ਉਹ ਇਕ ਕਰਨ ਵਾਲੀ ਸਮਰੱਥਾ ਹੈ ਜਿਹੜੀ ਸਿਰਜੇ ਹੋਏ ਸੰਸਾਰ ਨੂੰ ਬਣਾਈ ਰੱਖਦੀ ਹੈ ਅਤੇ ਕਾਇਮ ਰੱਖਦੀ ਹੈ।

## ਕਲੀਸੀਆ ਦਾ ਸਿਰ ਅਤੇ ਪਰਧਾਨ (1:18, 19)

**18ਅਤੇ ਉਹ ਦੇਹੀ ਦਾ ਅਰਥਾਤ ਕਲੀਸੀਆ ਦਾ ਸਿਰ ਹੈ, ਉਹੋ ਆਦਿ ਹੈ ਅਤੇ ਮੁਰਦਿਆਂ ਵਿੱਚੋਂ ਜੇਠਾ ਹੈ ਭਈ ਉਹ ਸਭਨਾਂ ਗੱਲਾਂ ਵਿਚ ਪਰਧਾਨ ਹੋਵੇ। 19ਕਿਉਂ ਜੋ ਪਿਤਾ ਨੂੰ ਇਹ ਭਾਇਆ ਜੋ ਸਾਰੀ ਸੰਪੂਰਨਤਾਈ ਉਸ ਵਿਚ ਵੱਸੇ ।**

ਇੱਥੇ ਪੌਲੁਸ ਸੰਸਾਰ ਦੇ ਨਾਲ ਯਿਸੂ ਦੇ ਸਬੰਧਾਂ ਦੀ ਆਪਣੀ ਚਰਚਾ ਤੋਂ ਕਲੀਸੀਆ ਨਾਲ ਉਸ ਦੇ ਸਬੰਧ ਦੇ ਵੱਲ ਮੋੜ ਗਿਆ। ਯਿਸੂ ਸੰਸਾਰ ਦਾ ਹੀ ਹਾਕਿਮ ਨਹੀਂ ਹੈ ਉਹ ਕਲੀਸੀਆ ਦਾ ਵੀ ਹਾਕਿਮ ਹੈ।

**''ਉਹ ਦੇਹੀ ਦਾ ਅਰਥਾਤ ਕਲੀਸੀਆ ਦਾ ਸਿਰ ਹੈ''** (1:18)

ਖ਼ੁਦਾ ਦਾ ਰੂਪ, ਸਾਰੀ ਸਰਿਸ਼ਟ ਦਾ ਜੇਠਾ ਅਤੇ ਸੰਸਾਰ ਦਾ ਸਿਰਜਣਹਾਰ ਹੋਣ ਦੇ ਇਲਾਵਾ ਯਿਸੂ **ਦੇਹੀ ਦਾ ਅਰਥਾਤ ਕਲੀਸੀਆ ਦਾ ਸਿਰ** ਵੀ ਹੈ।

ਇਸ ਹਵਾਲੇ ਵਿਚ ਪੌਲੁਸ ਨੇ ਚਾਰ ਵਾਰ ''ਉਹ'' ਕਿਹਾ। ਯਿਸੂ ਖ਼ੁਦਾ ਦਾ ਰੂਪ (ਆਇਤ 15), ਸਭ ਤੋਂ ਪਹਿਲਾਂ (ਆਇਤ 17), ਦੇਹੀ ਦਾ ਅਰਥਾਤ ਕਲੀਸੀਆ ਦਾ ਸਿਰ (ਆਇਤ 18) ਅਤੇ ਆਦਿ ਹੈ (ਆਇਤ 18)। ਹੋਰ ਆਇਤਾਂ ਵਿਚ ਪੌਲੁਸ ਨੇ ਦੱਸਿਆ ਕਿ ਯਿਸੂ ''ਕਲੀਸੀਆ, ਭਾਵ ਦੇਹੀ'' ਦਾ ਸਿਰ ਹੈ (ਅਫ਼ਸੀਆਂ 1:22, 23; 5:23)। ਕੁਲੁੱਸੀਆਂ ਵਿਚ ਉਸ ਨੇ ਇਸ ਤਰਤੀਬ ਨੂੰ ਉਲਟਾ ਕਰ ਦਿੱਤਾ, ''ਦੇਹੀ ਅਰਥਾਤ ਕਲੀਸੀਆ'' (ਆਇਤ 18ੳ; ਵੇਖੋ 1:24)।

ਦੇਹ ਦੇ ਨਾਲ ਸਿਰ ਦਾ ਸਬੰਧ ਮਹੱਤਵਪੂਰਣ ਹੈ। ਸਿਰ ਦੇਹ ਨੂੰ ਚਲਾਉਂਦਾ ਹੈ, ਹੁਕਮ ਦਿੰਦਾ ਅਤੇ ਇਸ ਦੀਆਂ ਗਤੀਵਿਧੀਆਂ ਨੂੰ ਚਲਾਉਂਦਾ ਹੈ, ਜਦਕਿ ਦੇਹ ਹਲੀਮੀ ਨਾਲ ਸਿਰ ਦੇ ਹੁਕਮਾਂ ਨੂੰ ਮੰਨਦੀ ਹੈ (ਅਫ਼ਸੀਆਂ 5:24)। ਸਿਰ ਦੇ ਰੂਪ ਵਿਚ ਯਿਸੂ ਦੇਹ ਦੇ ਨਾਲ ਕੰਮ ਕਰਦਾ ਅਤੇ ਆਪਣੇ ਮਕਸਦਾਂ ਦੀ ਭਰਪੂਰੀ ਕਰਦਾ ਹੈ। ਇਹ ਦੇਹ ਅਰਥਾਤ ਕਲੀਸੀਆ ਯਿਸੂ ਦੀਆਂ ਭਾਵਨਾਵਾਂ ਦੀ

ਪੂਰਤੀ ਲਈ ਹੈ; ਇਸ ਦੇ ਮੈਂਬਰ ਧਰਤੀ ਤੇ ਉਸ ਦੇ ਨੁਮਾਇੰਦੇ ਦੇ ਰੂਪ ਵਿਚ ਕੰਮ ਕਰਦੇ ਹਨ। ਸਿਰ ਨੂੰ ਕੰਮ ਕਰਨ ਦੇ ਲਈ ਦੇਹ ਦੀ ਲੋੜ ਹੈ ਅਤੇ ਦੇਹ ਨੂੰ ਆਪਣੇ ਕੰਮਾਂ ਨੂੰ ਚਲਾਉਣ ਦੇ ਲਈ ਸਿਰ ਦੀ ਲੋੜ ਹੈ। ਦੇਹ ਆਪਣੀ ਦੇਖਭਾਲ ਅਤੇ ਬੇਹਤਰੀ ਦੇ ਲਈ ਸਿਰ ਤੇ ਨਿਰਭਰ ਹੈ। ਦੇਹ ਦੇ ਨਾਲ ਯਿਸੂ ਦਾ ਸਬੰਧ ਨਿੱਜੀ ਹੈ। ਇਹ ਕਿਸੇ ਇਮਾਰਤ ਦੇ ਨਾਲ ਕਿਸੇ ਮਾਲਕ ਦੇ ਸਬੰਧ ਨਾਲੋਂ ਫ਼ਰਕ ਹੈ। ਇਕ ਵਿਅਕਤੀ ਦੇ ਰੂਪ ਵਿਚ ਕਲੀਸੀਆ ਤਦੇ ਕੰਮ ਕਰ ਸਕਦੀ ਹੈ ਜਦ ਸਿਰ ਅਤੇ ਦੇਹ ਦੇ ਵਿਚ ਸਹੀ ਤਾਲਮੇਲ ਹੋਵੇ।

ਯਿਸੂ ਦੇ ਸਿਰ ਹੋਣ ਤੇ ਏ. ਟੀ. ਰੌਬਰਟਸਨ ਦੀ ਟਿੱਪਣੀ ਤੇ ਵਿਚਾਰ ਕੀਤਾ ਜਾਣਾ ਯੋਗ ਹੈ:

> ਸਾਰ ਦੇ ਰੂਪ ਵਿਚ ਜਿਵੇਂ ਸਿਰ ਦੇਹ ਤੇ ਹਾਕਿਮ ਹੈ ਉਵੇਂ ਹੀ ਉਹ ਕਲੀਸੀਆ ਤੇ ਮੁਖ਼ਤਿਆਰ ਹੈ ਅਤੇ ਇਖ਼ਤਿਆਰ ਰੱਖਦਾ ਹੈ। ਸਿਰ ਅਤੇ ਦੇਹ ਵਿਚ ਇਕ ਖਾਸ ਰਿਸ਼ਤਾ ਹੈ। ਪਰ ਦੇਹ ਸਿਰ ਨੂੰ ਆਦੇਸ਼ ਨਹੀਂ ਦਿੰਦੀ। ਇਹ ਦੁੱਖ ਦੇਣ ਵਾਲਾ ਹੋ ਸਕਦਾ ਹੈ ਅਤੇ ਕਈ ਵਾਰ ਹੁੰਦਾ ਵੀ ਹੈ, ਪਰ ਇਹ ਸਿਰ ਦੇ ਕੰਟਰੋਲ ਵਿਚ ਹੀ ਰਹਿੰਦੀ ਹੈ ਅਤੇ ਉਸਦੇ ਅਧੀਨ ਹੈ। ... ਦੇਹ ਨੂੰ ਸਿਰ ਦੀ ਲੋੜ ਹੈ ਅਤੇ ਆਪਣੀਆਂ ਇੱਛਾਵਾਂ ਨੂੰ ਪੂਰਾ ਕਰਨ ਅਤੇ ਆਪਣੇ ਹੁਕਮਾਂ ਨੂੰ ਮਨਵਾਉਣ ਦੇ ਲਈ ਸਿਰ ਨੂੰ ਦੇਹ ਕੀ ਲੋੜ ਹੈ।[16]

ਦੇਹ ਅਤੇ ਕਲੀਸੀਆ ਇੱਕੋ ਹੀ ਹਨ। ਰੌਬਰਟਸਨ ਨੇ ਸਹੀ ਟਿੱਪਣੀ ਕੀਤੀ ਹੈ, ''ਇੱਥੇ ਪੌਲੁਸ ਦੋ ਸ਼ਬਦ ਲਾਉਂਦਾ ਹੈ, 'ਦੇਹ' *[ਅਤੇ]* 'ਕਲੀਸੀਆ' ਜਿਸ ਵਿਚ ਇਕ ਦੂਜੇ ਦਾ ਵਿਆਖਿਆਤਮਕ ਵਿਰੋਧ ਕਰਦਾ ਹੈ ... ।''[17] ਇਸ ਤਰ੍ਹਾਂ ਕਲੀਸੀਆ ਮਸੀਹ ਦੀ ਦੇਹ ਅਰਥਾਤ ਮਸੀਹ ਦੀ ਕਲੀਸੀਆ ਹੈ।

ਪੌਲੁਸ ਨੇ ''ਦੇਹੀ'' ਲਿਖਿਆ ਹੈ ਨਾ ਕਿ ''ਦੇਹਾਂ।'' ''ਦੇਹੀ'' ਲਿਖ ਕੇ ਪੌਲੁਸ ਨੇ ਇੱਕੋ ਅਤੇ ਸਿਰਫ਼ ਇੱਕੋ ਯਾਨੀ ਇੱਕੋ ਕਲੀਸੀਆ ਦਾ ਇਸ਼ਾਰਾ ਕੀਤਾ। ਦੇਹ ਦੇ ਰੂਪਕ ਦੀ ਵਰਤੋਂ ਕਰਕੇ ਕਲੀਸੀਆ ਦੀ ਅਤੇ ਸੰਕੇਤ ਕਰਨ ਵਿਚ ਪੌਲੁਸ ਨੇ ਹਮੇਸ਼ਾ ਇਕ ਵਚਨ ਨਾਂਉਂ ਦੀ ਵਰਤੋਂ ਕੀਤੀ, ਬਹੁਵਚਨ ਦੀ ਕਦੇ ਨਹੀਂ (1 ਕੁਰਿੰਥੀਆਂ 12:24, 25, 27; ਅਫ਼ਸੀਆਂ 1:23; 4:12, 16; 5:23, 30; ਕੁਲੁੱਸੀਆਂ 1:24; 2:19)। ਕਈ ਵਾਰ ਉਸ ਨੇ ਦੇਹ ਦੇ ਇਕ ਹੋਣ ਦੀ ਗੱਲ ਕਹੀ (ਰੋਮੀਆਂ 12:5; 1 ਕੁਰਿੰਥੀਆਂ 10:17; 12:12, 13, 20; ਅਫ਼ਸੀਆਂ 2:16; 4:4; ਕੁਲੁੱਸੀਆਂ 3:15)। ''ਮਸੀਹ ਦੇ ਸਰੀਰ'' (1 ਕੁਰਿੰਥੀਆਂ 12:27) ਜਾਂ ''ਉਸ ਦੀ ਦੇਹ'' (ਅਫ਼ਸੀਆਂ 1:23; 5:30; ਕੁਲੁੱਸੀਆਂ 1:24) ਲਿਖਦੇ ਹੋਏ ਪੌਲੁਸ ਨੇ ਦੱਸਿਆ ਕਿ ਮਸੀਹ ਦੀ ਦੇਹ ਮਸੀਹ ਦੀ ਕਲੀਸੀਆ ਹੀ ਹੈ ਬਹੁਵਚਨ ਸ਼ਬਦ ''ਕਲੀਸੀਆਵਾਂ'' ਜਿਵੇਂ ''ਮਸੀਹ ਦੀਆਂ ਸਾਰੀਆਂ ਕਲੀਸੀਆਵਾਂ ਤੁਹਾਡੀ ਸੁੱਖ ਸਾਂਦ ਪੁੱਛਦੀਆਂ ਹਨ'' (ਰੋਮੀਆਂ 16:16) ਵਿਚ ਖੇਤਰੀ ਮੰਡਲੀਆਂ ਦੀ ਗੱਲ ਕੀਤੀ ਗਈ ਹੈ ਨਾ ਕਿ ਵਿਸ਼ਵਵਿਆਪੀ ਕਲੀਸੀਆ ਦੀ।

ਦੇਹ ਦੀ ਕਲੀਸੀਆ ਹੋਣ ਦੀ ਧਾਰਣਾ ਦੇ ਅਹਿਮ ਅਰਥ ਹਨ:

> ਸ਼ਾਇਦ ਮਸੀਹ ਦੀ ਦੇਹ ਦੇ ਰੂਪ ਵਿਚ ਕਲੀਸੀਆ ਦੀ ਧਾਰਣਾ ਦੇ ਕਾਰਣ ਹੀ ਅਸੀਂ ਵਧੀਆ ਢੰਗ ਨਾਲ ਸਮਝ ਪਾਉਂਦੇ ਹਾਂ ਕਿ ਪੌਲੁਸ ਨਿਹਚਾਵਾਨਾਂ ਦੇ ''ਮਸੀਹ ਵਿਚ'' ਹੋਣ ਅਤੇ ਮਸੀਹ ਦੇ ਉਨ੍ਹਾਂ ਵਿਚ ਹੋਣ ਦੀ ਗੱਲ ਕਿਵੇਂ ਕਹਿ ਸਕਦਾ ਹੈ। ਉਸਦੀ ਦੇਹ ਦੇ ਅੰਗ ਹੋਣ ਅਰਥਾਤ ''ਮਸੀਹ ਵਿਚ ਬਪਤਿਸਮਾ'' ਲੈਣ ਨਾਲ ਉਹ ''ਮਸੀਹ ਵਿਚ'' ਹਨ (ਗਲਾਤੀਆਂ 3:27); ਭਾਵ ਉਹ ਉਨ੍ਹਾਂ ਵਿਚ ਹੈ ਕਿਉਂਕਿ ਓਸੇ ਦੇ ਜੀਵਨ ਤੋਂ ਉਨ੍ਹਾਂ ਨੂੰ ਜੀਵਨ ਮਿਲਿਆ ਹੈ। ਅਸੀਂ ਯੂਹੰਨਾ 15:1 ਵਿਚ ਇਕ ਅਤੇ ਜੈਵਿਕ ਰੂਪਕ ਵਿਚ ਇਸਦੀ ਵਰਤੋਂ ਦੀ ਤੁਲਨਾ ਕਰ ਸਕਦੇ ਹਾਂ, ਜਿੱਥੇ ਟਾਹਣੀਆਂ ਦਾਖਲਤਾ ਵਿਚ ਹਨ ਪਰ ਨਾਲ ਹੀ ਦਾਖਲਤਾ ਟਾਹਣੀਆਂ ਵਿਚ ਵੀ ਹੈ।[18]

‘‘ਦੇਹੀ’’ (*sōma*) ਦੀ ਵਰਤੋਂ ਲੋਕਾਂ ਦੇ ਸਮੂਹ ਜਾਂ ਇਕੱਠ ਦੇ ਅਰਥ ਵਿਚ ਕੀਤੀ ਗਈ ਹੈ, ਜਿਵੇਂ ‘‘ਵਿਦਿਆਰਥੀ ਯੂਨੀਅਨ’’ ਅਤੇ ‘‘ਵਿਧਾਨ ਮੰਡਲ’’ ਵਾਕ ਅੰਸ਼ਾਂ ਵਿਚ ਮੈਂਬਰ ਇਕਾਈਆਂ ਦੇ ਕੰਮ ਕਰਨ ਦਾ ਸੰਕੇਤ ਮਿਲਦਾ ਹੈ। ਪੌਲੁਸ ਨੇ ਕਲੀਸੀਆ ਨੂੰ ਮਨੁੱਖੀ ਦੇਹ ਦੇ ਨਾਲ (ਰੋਮੀਆਂ 12:4, 5; 1 ਕੁਰਿੰਥੀਆਂ 12:12, 13), ਇਕ ਸੰਗਠਿਤ ਇਕਾਈ ਦੇ ਨਾਲ ਮਿਲਾਇਆ, ਜਿਸ ਦੇ ਹਰ ਮੈਂਬਰ ਵਿਚ ਯੋਗਤਾ ਹੈ ਕਿ ਉਹ ਪੂਰੀ ਦੇਹ ਦੇ ਕੰਮ ਵਿਚ ਮਦਦ ਕਰ ਸਕਦਾ ਹੈ।

ਨਵੇਂ ਨੇਮ ਵਿਚ ‘‘ਕਲੀਸੀਆ’’(*ekklēsia*) ਜਾਂ ਚਰਚ ਲੋਕਾਂ ਦੇ ਸਮੂਹ ਦੇ ਲਈ ਹੈ, ਪਰ ਕਦੇ ਇਮਾਰਤ ਦੇ ਲਈ ਨਹੀਂ। ਮਸੀਹੀ ਸ਼ਬਦਾਵਲੀ ਵਿਚ ਆਉਣ ਤੋਂ ਪਹਿਲਾਂ *ekklēsia* ਦੀ ਵਰਤੋਂ ਯੂਨਾਨੀ ਸਮਾਜ ਵਿਚ ਲਗਾਤਾਰ ਬੁਲਾਏ ਜਾਣ ਵਾਲੇ ਸਿਆਸੀ ਜਮਾਤ ਜਾਂ ਨਗਰ ਪਰਿਸ਼ਦ ਲਈ ਕੀਤੀ ਜਾਂਦੀ ਸੀ। ਨਵੇਂ ਨੇਮ ਵਿਚ ਇਸਦੀ ਵਰਤੋਂ ਯਿਸੂ ਦੇ ਚੇਲਿਆਂ ਦੀ ਪੂਰੀ ਜਮਾਤ (ਮੱਤੀ 16:18), ਮਸੀਹ ਦੀਆਂ ਸਥਾਨਕ ਕਲੀਸੀਆਵਾਂ (ਰੋਮੀਆਂ 16:16), ਇਲਾਕੇ ਦੀਆਂ ਕਲੀਸੀਆਵਾਂ (1 ਕੁਰਿੰਥੀਆਂ 16:1), ਇਕੱਠੀਆਂ ਹੋਈਆਂ ਕਲੀਸੀਆਵਾਂ (1 ਕੁਰਿੰਥੀਆਂ 14:23), ਖਿੰਡ ਜਾਣ ਵਾਲੇ ਮੈਂਬਰਾਂ (ਰਸੂਲਾਂ ਦੇ ਕੰਮ 8:1), ਅਤੇ ਗੈਰ ਧਾਰਮਿਕ ਸਭਾ (ਰਸੂਲਾਂ ਦੇ ਕੰਮ 19:32, 39, 41) ਨੂੰ ਕਿਹਾ ਗਿਆ ਹੈ। 1:18 ਵਿਚ ਸਾਨੂੰ ਕੁਲੁੱਸੀਆਂ ਵਿਚ ‘‘ਕਲੀਸੀਆ’’ ਸ਼ਬਦ ਪਹਿਲੀ ਵਾਰ ਮਿਲਦਾ ਹੈ। ਆਇਤ 24 ਵਾਂਗ ਇੱਥੇ ਇਸਦਾ ਅਰਥ ਯਿਸੂ ਦੇ ਸਾਰੇ ਚੇਲੇ ਹੈ ਨਾ ਕਿ ਕੋਈ ਵਿਸ਼ੇਸ਼ ਮੰਡਲੀ। ਬਾਅਦ ਵਿਚ ਪੌਲੁਸ ਨੇ ਦੋ ਵਾਰ ਇਸਦੀ ਵਰਤੋਂ ਖੇਤਰੀ ਮੰਡਲੀਆਂ ਦੇ ਲਈ ਕੀਤੀ। ਕਲੀਸੀਆ ਦੇ ਨਾਲ ਯਿਸੂ ਦੇ ਸਬੰਧ ਦੇ ਇਸਦੇ ਮਹੱਤਵ ਦਾ ਪਤਾ ਲਗਦਾ ਹੈ (4:15, 16)।

ਇਹ ਇਸ ਦਾ ਬਣਾਉਣ ਵਾਲਾ ਅਤੇ ਮਾਲਕ (ਮੱਤੀ 16:18), ਮੁੱਲ ਲੈਣ ਵਾਲਾ (ਰਸੂਲਾਂ ਦੇ ਕੰਮ 20:28), ਨੀਂਹ (1 ਕੁਰਿੰਥੀਆਂ 3:11), ਸਿਰ (ਅਫ਼ਸੀਆਂ 1:22, 23), ਅਤੇ ਮੁਕਤੀਦਾਤਾ (ਅਫ਼ਸੀਆਂ 5:23) ਹੈ। ਖ਼ੁਦਾ ਨੇ ਕਲੀਸੀਆ ਦੇ ਰਾਹੀਂ ਆਪਣਾ ਗਿਆਨ ਪਰਗਟ ਕੀਤਾ ਹੈ (ਅਫ਼ਸੀਆਂ 3:10)। ਯਿਸੂ ਇਸ ਨੂੰ ਆਪਣੇ ਲਈ ਪਵਿੱਤਰ ਅਤੇ ਨਿਰਮਲ ਪੇਸ਼ ਕਰੇਗਾ (ਅਫ਼ਸੀਆਂ 5:25–27)।

ਕਲੀਸੀਆ ਯਿਸੂ ਦੀ ਹੈ ਕਿਉਂਕਿ ਉਸ ਨੇ ਇਸ ਨੂੰ ਆਪਣੇ ਲਹੂ ਨਾਲ ਖ਼ਰੀਦਿਆ ਹੈ। ਇਸ ਕਾਰਣ ਇਸ ਨੂੰ ‘‘ਮਸੀਹ ਦੀ ਕਲੀਸੀਆਵਾਂ’’ (ਰੋਮੀਆਂ 16:16) ਜਾਂ ‘‘ਪਰਮੇਸ਼ੁਰ ਦੀ ਕਲੀਸੀਆ’’ (1 ਕੁਰਿੰਥੀਆਂ 1:2) ਕਿਹਾ ਜਾ ਸਕਦਾ ਹੈ, ਕਿਉਂਕਿ ਯਿਸੂ ਖ਼ੁਦਾ ਹੈ (ਯੂਹੰਨਾ 1:1, 2)। ਕਿਸੇ ਕਲੀਸੀਆ ਨੂੰ ਕਿਸੇ ਨਗਰ ਦੀ ਕਲੀਸੀਆ ਦੇ ਰੂਪ ਵਿਚ ਪਛਾਣਿਆ ਜਾ ਸਕਦਾ ਹੈ ਜਿਵੇਂ ‘‘ਯਰੂਸ਼ਲਮ ਦੀ ਕਲੀਸੀਆ’’ (ਰਸੂਲਾਂ ਦੇ ਕੰਮ 8:1)। ਸਾਨੂੰ ਸਮਾਜ ਦੇ ਖਾਸ ਵਰਗ ਤੋਂ ਬਣੀਆਂ ਕਲੀਸੀਆਵਾਂ ਦੇ ਲਈ ਹੀ ਬਾਈਬਲੀ ਇਖ਼ਤਿਆਰ ਦਾ ਪਤਾ ਲਗਦਾ ਹੈ ਜਿਵੇਂ ‘‘ਪਰਾਈਆਂ ਕੌਮਾਂ ਦੀਆਂ ਕਲੀਸੀਆਵਾਂ’’ (ਰੋਮੀਆਂ 16:4), ਅਤੇ ਖੇਤਰੀ ਕਲੀਸੀਆਵਾਂ ਵਿਚ ਜਿਵੇਂ ‘‘ਗਲਾਤੀਆ ਦੀ ਕਲੀਸੀਆਵਾਂ’’ (1 ਕੁਰਿੰਥੀਆਂ 16:1)। ਬਾਈਬਲ ਦੇ ਹੋਰ ਵਾਕ ਅੰਸ਼ਾਂ ਵਿਚ ‘‘ਸੰਤਾਂ ਦੀਆਂ ਕਲੀਸੀਆਵਾਂ’’ (1 ਕੁਰਿੰਥੀਆਂ 14:33), ‘‘ਜੀਉਂਦੇ ਪਰਮੇਸ਼ੁਰ ਦੀ ਕਲੀਸੀਆ’’ (1 ਤਿਮੋਥਿਉਸ 3:15), ਅਤੇ ‘‘ਪਲੋਠੇ ਦੀ ਕਲੀਸੀਆ’’ (ਇਬਰਾਨੀਆਂ 12:23) ਮਿਲਦੇ ਹਨ। ਰਸੂਲਾਂ ਦੇ ਕੰਮ 5:11 ਸਿਰਫ਼ ‘‘ ...ਕਲੀਸੀਆ’’ ਕਹਿੰਦਾ ਹੈ।

ਕਲੀਸੀਆ ‘‘ਸੁਰਗ ਦਾ ਰਾਜ’’ (ਮੱਤੀ 16:18, 19), ‘‘ਇੱਜੜ’’ (ਰਸੂਲਾਂ ਦੇ ਕੰਮ 20:28), ‘‘ਉਹਦੀ ਦੇਹੀ’’ (ਅਫ਼ਸੀਆਂ 1:22, 23) ਅਤੇ ‘‘ਪਰਮੇਸ਼ੁਰ ਦਾ ਘਰ [ਜਾਂ ਪਰਿਵਾਰ]’’ (1 ਤਿਮੋਥਿਉਸ 3:15) ਹੈ। ਮਸੀਹ ਦੀ ਦੇਹ ਅਰਥਾਤ ਕਲੀਸੀਆ ਦੇ ਲੋਕ ਰਾਜ ਦੇ ਲੋਕ (ਅਫ਼ਸੀਆਂ 2:19), ਇੱਜੜ ਦੀਆਂ ਭੇਡਾਂ (ਯੂਹੰਨਾ 10:16), ਅਤੇ ਪਰਮੇਸ਼ੁਰ ਦੀ ਸੰਤਾਨ ਉਹਦੇ ਘਰਾਣੇ ਦੇ ਲੋਕ ਹਨ (ਗਲਾਤੀਆਂ 3:26, 27)। ਕਲੀਸੀਆ ਉਨ੍ਹਾਂ ਲੋਕਾਂ ਨਾਲ ਬਣਦੀ ਹੈ

ਜਿਹੜੇ ਯਿਸੂ ਦੀ ਮੌਤ ਦੇ ਰਾਹੀਂ ਸ਼ੁੱਧ ਹੋ ਗਏ ਹਨ। ਬਪਤਿਸਮਾ ਲੋਕਾਂ ਨੂੰ ਪਰਮੇਸ਼ੁਰ ਦੇ ਰਾਜ (ਯੂਹੰਨਾ 3:5), ਅਰਥਾਤ ਇੱਕੋ ਦੇਹੀ ਵਿਚ ਰਲਾਉਂਦਾ ਹੈ (1 ਕੁਰਿੰਥੀਆਂ 12:13), ਜੋ ਕਿ ਕਲੀਸੀਆ ਹੈ (1 ਤਿਮੋਥਿਉਸ 3:15)। ਜਿਨ੍ਹਾਂ ਦੇ ਨਾਂਅ ਜ਼ਿੰਦਗੀ ਦੀ ਕਿਤਾਬ ਵਿਚ ਲਿਖੇ ਗਏ ਹਨ ਉਨ੍ਹਾਂ ਦੇ ਨਾਂਅ ਸੁਰਗ ਵਿਚ ਲਿਖੇ ਗਏ ਹਨ (ਇਬਰਾਨੀਆਂ 12:23; ਪ੍ਰਕਾਸ਼ ਦੀ ਪੋਥੀ 21:27)। ਉਹ ਉਸ ''ਪਵਿੱਤਰ ਨਗਰੀ'' ਵਿਚ ਵੜਨਗੇ (ਵੇਖੋ ਪ੍ਰਕਾਸ਼ ਦੀ ਪੋਥੀ 21:2, 10; 22:19)।

ਕਲੀਸੀਆ ਦਾ ਸੁਰਗੀ ਭਵਿੱਖ ਬਾਈਬਲ ਦੀਆਂ ਕਈ ਗੱਲਾਂ ਤੋਂ ਲਿਆ ਗਿਆ ਹੈ। ਯਿਸੂ ਦਾ ਰਾਜ ਪਿਤਾ ਦੇ ਰਾਜ ਵਿਚ ਸੂਰਜ ਵਾਂਗ ਚਮਕੇਗਾ (ਮੱਤੀ 13:37–43)। ਯਿਸੂ ਆਪਣੇ ਇੱਜੜ ਦੀਆਂ ਭੇਡਾਂ ਨੂੰ ਸਦੀਪਕ ਜੀਉਣ ਦਵੇਗਾ (ਯੂਹੰਨਾ 10:27, 28)। ਉਹ ਦੇਹੀ ਦਾ ਬਚਾਉਣ ਵਾਲਾ ਹੈ (ਅਫ਼ਸੀਆਂ 5:23)। ਪਰਮੇਸੁਰ ਦੀ ਸੰਤਾਨ ਦੇ ਰੂਪ ਵਿਚ ਅਸੀਂ ਵਾਰਿਸ ਹਾਂ (ਰੋਮੀਆਂ 8:16, 17; ਗਲਾਤੀਆਂ 4:7)। ਸਾਡੀ ਆਸ ਸੁਰਗ ਵਿਚ ਰੱਖੀ ਗਈ ਹੈ (1 ਪਤਰਸ 1:3, 4)।

ਮਸੀਹ ਦੀ ਕਲੀਸੀਆ ਵਿਚ ਚੁਣੇ ਹੋਏ ਉਹ ਲੋਕ ਹਨ ਜਿਹੜੇ ਉਹਦੇ ਅੱਗੇ ਆਪਣੇ ਆਪ ਨੂੰ ਅਧੀਨ ਕਰਦੇ ਹਨ (ਅਫ਼ਸੀਆਂ 5:24)। ਨਿਹਚਾਵਾਨ ਮਸੀਹੀ ਉਸਦੇ ਪ੍ਰੇਮ ਅਤੇ ਭਾਵ ਦੇ ਕਾਰਣ ਉਸਦੀ ਗੱਲ ਮੰਨਦਾ ਹੈ (ਯੂਹੰਨਾ 14:15, 21, 23; ਫ਼ਿਲਿੱਪੀਆਂ 2:12; 1 ਪਤਰਸ 1:17)। ਯਿਸੂ ਨੇ ਕਿਹਾ, ''ਜੇ ਕੋਈ ਮੇਰੀ ਸੇਵਾ ਕਰੇ ਤਾਂ ਮੇਰੇ ਪਿੱਛੇ ਹੋ ਤੁਰੇ ਅਰ ਜਿੱਥੇ ਮੈਂ ਹਾਂ ਮੇਰਾ ਸੇਵਕ ਭੀ ਉੱਥੇ ਹੋਵੇਗਾ। ਜੇ ਕੋਈ ਮੇਰੀ ਸੇਵਾ ਕਰੇ ਤਾਂ ਪਿਤਾ ਉਹਦਾ ਆਦਰ ਕਰੇਗਾ'' (ਯੂਹੰਨਾ 12:26)।

**''ਉਹੋ ਆਦਿ ਹੈ ਅਤੇ ਮੁਰਦਿਆਂ ਵਿੱਚੋਂ ਜੇਠਾ ਹੈ''** (1:18)

ਪੌਲੁਸ ਨੇ ਲਿਖਿਆ, **ਉਹੋ ਆਦਿ ਹੈ ਅਤੇ ਮੁਰਦਿਆਂ ਵਿੱਚੋਂ ਜੇਠਾ ਹੈ**। ਆਇਤ 15 ਵਾਂਗ ਪੌਲੁਸ ਨੇ ਯਿਸੂ ਨੂੰ ''ਜੇਠਾ'' (''ਪਲੋਠਾ'' ਅਤੇ ''ਆਦਿ'' ਤੇ ਹੋਰ ਜਾਣਕਾਰੀ ਲਈ 1:15 ਤੇ ਚਰਚਾ ਵੇਖੋ)। ਪਹਿਲਾਂ ਉਸ ਨੇ ਕਿਹਾ ਸੀ, ''ਸਾਰੀ ਸਰਿਸ਼ਟ ਵਿੱਚੋਂ ਜੇਠਾ''; ਇਸ ਵਾਰੀ ਉਸ ਨੇ ਕਿਹਾ, ''ਮੁਰਦਿਆਂ ਵਿੱਚੋਂ ਜੇਠਾ'' (ਵੇਖੋ ਪ੍ਰਕਾਸ਼ ਦੀ ਪੋਥੀ 1:5)।

ਯਿਸੂ ਮੁਰਦਿਆਂ ਵਿੱਚੋਂ ਜੀ ਉੱਠਣ ਵਾਲਾ ਪਹਿਲਾ ਸ਼ਖ਼ਸ ਸੀ। ਏਲੀਯਾਹ ਨੇ ਸਾਰਪਤ ਦੀ ਵਿਧਵਾ ਦੇ ਪੁੱਤਰ ਨੂੰ ਜ਼ਿੰਦਾ ਕੀਤਾ (1 ਰਾਜਿਆਂ 17:21, 22)। ਅਲੀਸ਼ਾ ਦੀ ਸ਼ੂਨੰਮੀ ਤੀਂਵੀਂ ਦੇ ਪੁੱਤਰ ਨੂੰ ਜੀਵਨ ਦਾਨ ਦਿੱਤਾ (2 ਰਾਜਿਆਂ 4:34–36)। ਅਲੀਸ਼ਾ ਦੀ ਕਬਰ ਵਿਚ ਸੁੱਟੀ ਜਾਣ ਵਾਲੀ ਤੀਂਵੀਂ ਫੇਰ ਜੀਉਂਦੀ ਹੋ ਗਈ (2 ਰਾਜਿਆਂ 13:20, 21)। ਯਿਸੂ ਨੇ ਜੈਰੁਸ ਦੀ ਧੀ (ਮਰਕੁਸ 5:22, 35–42), ਨਾਈਨ ਨਗਰ ਦੀ ਵਿਧਵਾ ਦੇ ਪੁੱਤਰ (ਲੂਕਾ 7:11–15), ਅਤੇ ਲਾਜ਼ਰ (ਯੂਹੰਨਾ 11:43, 44) ਨੂੰ ਮੁਰਦਿਆ ਵਿੱਚੋਂ ਜਿਵਾਲਿਆ ਸੀ। ਇਨ੍ਹਾਂ ਨੂੰ ਯਿਸੂ ਦੇ ਜੀ ਉੱਠਣ ਤੋਂ ਪਹਿਲਾਂ ਜਿਵਾਇਆ ਗਿਆ ਸੀ। ਯਿਸੂ ਭਾਵੇਂ ਮੁਰਦਿਆਂ ਵਿੱਚੋਂ ਜੀ ਉੱਠਣ ਵਾਲਿਆਂ ਵਿੱਚੋਂ ਉਨ੍ਹਾਂ ਸਭ ਲੋਕਾਂ ਨਾਲੋਂ ਪਹਿਲਾ ਨਹੀਂ ਸੀ ਪਰ ਉਸ ਸਭ ਤੋਂ ਮਸ਼ਹੂਰ ਹੈ। ਇਸ ਅਰਥ ਵਿਚ ਉਹ ਮੁਰਦਿਆਂ ਵਿੱਚੋਂ ਜੀ ਉੱਠਣ ਵਾਲਿਆਂ ਉਨ੍ਹਾਂ ਸਾਰਿਆਂ ਲੋਕਾਂ ਵਿੱਚੋਂ ''ਜੇਠਾ'' ਹੈ। ਉਹ ਫਿਰ ਕਦੇ ਨਾ ਮਰਨ ਦੇ ਲਈ ਜੀ ਉੱਠਣ ਵਾਲੇ ਪਹਿਲੇ ਮਨੁੱਖ ਦੇ ਰੂਪ ਵਿਚ ਜੀ ਉੱਠਿਆ (1 ਕੁਰਿੰਥੀਆਂ 15:22, 23)। ਆਪਣੇ ਜੀ ਉੱਠਣ ਦੇ ਰਾਹੀਂ ਉਸ ਨੇ ਦੂਜਿਆਂ ਲਈ ਆਪਣੇ ਪਿੱਛੇ ਆਉਣ ਦਾ ਰਾਹ ਖੋਲ੍ਹ ਦਿੱਤਾ (ਰੋਮੀਆਂ 6:8)।

ਇਹ ਅਰਥ ਕੱਢਣ ਦੀ ਬਜਾਇ ਕਿ ਯਿਸੂ ਕਤਾਰ ਵਿਚ ਜੀ ਉੱਠਣ ਵਾਲਿਆਂ ਵਿੱਚੋਂ ਪਹਿਲਾ ਸੀ ਪੌਲੁਸ ਯਿਸੂ ਦੀ ਤਰਜੀਹ ਦੇ ਜ਼ੋਰ ਦੇ ਰਿਹਾ ਸੀ। ''ਮੁਰਦਿਆਂ ਵਿੱਚੋਂ'' ਦਾ ਮਤਲਬ ਇਹ ਹੈ ਕਿ ਮੌਤ ਵਿੱਚੋਂ ਉਹ ਆਪਣੇ ਪਹਿਲੇ ਥਾਂ ਤੇ ਆ ਗਿਆ। ਪਤਰਸ ਨੇ ਪੰਤੇਕੁਸਤ ਦੇ ਦਿਨ ਇਹੀ ਸਚਿਆਈ ਦੱਸੀ। ਯਿਸੂ ਦਾਊਦ ਦੀ ਗੱਦੀ ਤੇ ਬਹਿਣ ਲਈ ਮੁਰਦਿਆਂ ਵਿੱਚੋਂ ਜੀ ਉੱਠਿਆ (ਰਸੂਲਾਂ ਦੇ ਕੰਮ 2:30, 31), ਜਦੋਂ ਉਸ ਨੂੰ ਹਰ ਚੀਜ਼ ਤੇ ਰਾਜ ਕਰਨ ਦੇ ਲਈ ਅਸਮਾਨ ਤੇ ਉਠਾ ਲਿਆ

ਗਿਆ (ਅਫ਼ਸੀਆਂ 1:20–23; 1 ਪਤਰਸ 3:22)।

ਕਲੀਸੀਆ ਤੇ ਯਿਸੂ ਦਾ ਸਿਰ ਹੋਣ ਸਾਰੇ ਸੰਸਾਰ ਦੀ ਹਰ ਗੱਲ ਵਿਚ ਉਸ ਦੇ ਜੇਠਾ ਹੋਣ ਤੇ ਅਧਾਰਿਤ ਹੈ। ਉਹ ਸਿਰਫ਼ ਸੰਸਾਰ ਤੇ ਹੀ ਨਹੀਂ, ਬਲਕਿ ਕਲੀਸੀਆ ਦਾ ਵੀ ਸਿਰ ਹੈ। ਹੁਣ ਉਹ ਸੰਸਾਰ ਦੇ ਹਰ ਸੰਸਥਾਨ ਤੇ ਰਾਜ ਕਰਦਾ ਹੈ।

### ''ਭਈ ਉਹ ਸਭਨਾਂ ਗੱਲਾਂ ਵਿਚ ਪਰਧਾਨ ਹੋਵੇ'' (1:18)

ਪੌਲੁਸ ਨੇ ਅੱਗੇ ਕਿਹਾ, **ਭਈ ਉਹ ਸਭਨਾਂ ਗੱਲਾਂ ਵਿਚ ਪਰਧਾਨ ਹੋਵੇ**। ''ਪਰਧਾਨ'' (*prōteuō*) ਨਵੇਂ ਨੇਮ ਵਿਚ ਸਿਰਫ਼ ਇੱਥੇ ਹੀ ਮਿਲਦਾ ਹੈ। ਪਰ ਇਸ ਦੇ ਵਿਸ਼ੇਸ਼ਣ ਰੂਪ *prōtos* ਵਿਚ ਇਸਦੀ ਵਰਤੋਂ ਕਈ ਵਾਰ ਹੋਈ ਹੈ। ਇਸ ਸ਼ਬਦ ਦਾ ਅਰਥ ''ਜੇਠਾ'' ਹੈ ਅਤੇ ਅੰਗ੍ਰੇਜ਼ੀ ਸ਼ਬਦ ''proton'' ਇਸੇ ਤੋਂ ਨਿੱਕਲਿਆ ਹੈ।

ਯਿਸੂ ਦੀ ਪ੍ਰਮੁੱਖਤਾ ਸੁਭਾਵਿਕ ਹੀ ਨਹੀਂ ਹੈ, ਬਲਕਿ ਇਹ ਉਸ ਦੇ ਜੀ ਉੱਠਣ ਨਾਲ ਵੀ ਮਿਲਦੀ ਹੈ। ਯਿਸੂ ਮੁਰਦਿਆਂ ਵਿੱਚੋਂ ਜੀ ਉੱਠਣ ਵਾਲਿਆਂ ਵਿੱਚੋਂ ਪਹਿਲਾ ਅਤੇ ਪ੍ਰਮੁੱਖ ਹੈ ਇਸ ਕਾਰਣ ਉਨ੍ਹਾਂ ਸਭਨਾਂ ਵਿੱਚੋਂ ਜਿਹੜੇ ਜੀ ਉੱਠਣਗੇ, ਉਸ ਨੂੰ ਪਹਿਲਾ ਥਾਂ ਮਿਲਿਆ ਹੈ। ਮੌਤ ਉੱਤੇ ਆਪਣੀ ਫ਼ਤਹਿ ਦੇ ਰਾਹੀਂ ਉਹ ਜੀਵਨ ਦਾ ਦੇਣ ਵਾਲਾ ਬਣ ਗਿਆ ਹੈ। ਸਭ ਦੁਸ਼ਮਣਾਂ ਨੂੰ ਹਰਾਉਣ ਵਾਲੇ ਫ਼ਤਹਿਮੰਦ ਦੇ ਰੂਪ ਵਿਚ (ਇਬਰਾਨੀਆਂ 2:14) ਉਹ ਹੁਣ ਸਭ ਦਾ ਪਰਧਾਨ ਹੈ ਅਤੇ ਦੁਸ਼ਮਣ ਦੇ ਡੇਰੇ ਵਿਚ ਕੋਈ ਵਿਰੋਧੀ ਨਹੀਂ ਹੈ। ਉਹ ਉਨ੍ਹਾਂ ਸਭਨਾਂ ਨੂੰ ਜਿਹੜੇ ਉਸਦੇ ਲਈ ਜੀਉਂਦੇ ਹਨ, ਮੌਤ ਉੱਤੇ ਫ਼ਤਹਿ ਦੇ ਸਕਦਾ ਹੈ (1 ਕੁਰਿੰਥੀਆਂ 15:55–57)।

ਯਿਸੂ ਜਦੋਂ ਸੁਰਗ ਤੇ ਉਠਾ ਲਿਆ ਗਿਆ ਤਾਂ ਉਸ ਨੂੰ ਧਰਤੀ ਦੇ ਅਤੇ ਸੁਰਗ ਦੇ ਹਰ ਅਹੁਦੇ ਦੇ ਉੱਤੇ ਕਰ ਦਿੱਤਾ ਗਿਆ। ਹੁਣ ਸੁਰਗ ਵਿਚ ਅਤੇ ਧਰਤੀ ਤੇ ਉਸ ਦੇ ਕੋਲ ਸਾਰੀ ਸ਼ਕਤੀ ਹੈ।[19] ਸਿਰਫ਼ ਇਕ ਜਿਹਦੇ ਉੱਤੇ ਉਹ ਨਹੀਂ ਹੈ, ਉਹ ਪਿਤਾ ਹੈ ਜਿਸ ਨੇ ਸਭ ਕੁਝ ਉਸ ਦੇ ਅਧੀਨ ਕਰ ਦਿੱਤਾ ਹੈ (1 ਕੁਰਿੰਥੀਆਂ 15:27)। ਭਾਵੇਂ ਉਹ ਸਭ ਤੇ ਪਰਧਾਨ ਹੈ ਪਰ ਕੁਝ ਦੁਸ਼ਮਣ ਅਜੇ ਵੀ ਉਹਦੇ ਅਧੀਨ ਨਹੀਂ ਹੋਏ ਹਨ (1 ਕੁਰਿੰਥੀਆਂ 15:25, 26)।

### ''ਕਿਉਂ ਜੋ ਪਿਤਾ ਨੂੰ ਇਹ ਭਾਇਆ'' (1:19)

ਪੌਲੁਸ ਨੇ ਯਿਸੂ ਵਿਚ ਭਰਪੂਰੀ ਦੇ ਵਾਸ ਦੀ ਗੱਲ ਕੀਤੀ **ਕਿਉਂ ਜੋ ਪਿਤਾ ਨੂੰ ਇਹ ਭਾਇਆ**। ''ਕਿਉਂ ਜੋ'' (*hoti*) ਇਸ ਆਇਤ ਨੂੰ ਆਇਤਾਂ 16 ਅਤੇ 18 ਵਿਚ ਯਿਸੂ ਲਈ ਕਹੀਆਂ ਗਈਆਂ ਗੱਲਾਂ ਨਾਲ ਮਿਲਾਉਂਦਾ ਹੈ। ''ਭਾਇਆ'' (*eudokeō*) ਉਹੀ ਕਿਰਿਆ ਹੈ ਜਿਸਦੀ ਵਰਤੋਂ ਪਿਤਾ ਨੇ ਯਿਸੂ ਦੇ ਬਪਤਿਸਮੇ ਤੇ ਖੁਸ਼ ਹੋਣ ਦੇ ਵਕਤ, ਯਸਾਯਾਹ ਦੀ ਭਵਿੱਖਵਾਣੀ ਵਿੱਚੋਂ ਦੁਹਰਾਈ ਅਤੇ ਉਸਦੇ ਰੂਪ ਬਦਲਣ ਦੇ ਵਕਤ ਕੀਤਾ ਗਿਆ ਸੀ (ਮੱਤੀ 3:17; 12:18; 17:5)।

ਯਿਸੂ ਨੂੰ ਉਸ ਦਾ ਉੱਚਾ ਥਾਂ ਦੇ ਕੇ ਪਿਤਾ ਨੇ ਆਪਣੀ ਸਨਾਤਨ ਇੱਛਾ ਨੂੰ ਪੂਰਾ ਕਰ ਦਿੱਤਾ। ਯਿਸੂ ਨੇ ਪਿਤਾ ਦੇ ਇਸ ਉੱਚਾ ਕੀਤੇ ਜਾਣ ਨੂੰ ਲੈਣ ਦੀ ਚਾਹ ਨਹੀਂ ਸੀ (ਫ਼ਿਲਿੱਪੀਆਂ 2:6), ਪਰ ਉਸ ਨੂੰ ਆਪਣੇ ਆਪ ਹੀ ਮਿਲ ਗਿਆ। ਯਿਸੂ ਪਿਤਾ ਦੀ ਇੱਛਾ ਨੂੰ ਪੂਰਾ ਕਰਨ ਦੇ ਲਈ ਆਇਆ, ਕਿਉਂਕਿ ਉਸਦਾ ਅਤੇ ਪਿਤਾ ਦਾ ਇਕ ਹੀ ਮਕਸਦ ਸੀ (ਯੂਹੰਨਾ 10:30)। ਹਰ ਗੱਲ ਵਿਚ ਜਿਹੜੀ ਯਿਸੂ ਨੇ ਕੀਤੀ ਉਸ ਦਾ ਮਕਸਦ ਪਿਤਾ ਦੀ ਇੱਛਾ ਨੂੰ ਮੰਨਦਾ ਸੀ (ਯੂਹੰਨਾ 4:34; 5:30; 6:38; ਇਬਰਾਨੀਆਂ 10:9)। ਉਸ ਤੇ ਆਪਣੀ ਮੌਤ ਵਿਚ ਆਗਿਆ ਮੰਨਣ ਦੀ ਯਿਸੂ ਦੀ ਇੱਛਾ ਦੇ ਕਾਰਣ ਪਿਤਾ ਨੇ ''ਉਸ ਨੂੰ ਅੱਤ ਉੱਚਿਆਂ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ'' (ਫ਼ਿਲਿੱਪੀਆਂ 2:9)।

ਯਿਸੂ ਅਤੇ ਆਪਣੀ ਆਪਣੀ ਸੰਤਾਨ ਦੇ ਰਾਹੀਂ ਹੀ ਪਿਤਾ ''ਤੁਹਾਡੇ ਵਿਚ ਮਨਸ਼ਾ ਅਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ'' (ਫ਼ਿਲਿੱਪੀਆਂ 2:13)। ਇਸਦਾ ਅਰਥ ਇਹ ਨਹੀਂ ਕਿ ਖ਼ੁਦਾ ਹਰ ਘਟਨਾ ਦੇ ਵਾਪਰਣ ਦਾ ਕਾਰਣ ਬਣਦਾ ਹੈ। ਉਹ ਹਰ ਮਨੁੱਖ ਨੂੰ ਆਪਣੀ ਪਸੰਦ ਚੁਣਨ ਦਾ ਹੱਕ ਦਿੰਦਾ ਹੈ (ਯਹੋਸ਼ੁਆ 24:15), ਜਿਵੇਂ ਯਿਸੂ ਨੇ ਵੀ ਗਥਸਮਨੀ ਬਾਗ ਵਿਚ ਦੁਆ ਕਰਦੇ ਵਕਤ ਸੰਕੇਤ ਦਿੱਤਾ ਸੀ ਕਿ ਉਹ ਆਪਣੀ ਮਰਜ਼ੀ ਕਰ ਸਕਦਾ ਸੀ (ਮੱਤੀ 26:39)।

**''ਜੋ ਸਾਰੀ ਸੰਪੂਰਨਤਾਈ ਉਸ ਵਿਚ ਵੱਸੇ''** (1:19)

ਖ਼ੁਦਾ ਦੀ ਇੱਛਾ ਜਾਂ ਖੁਸ਼ੀ ਇਹ ਸੀ ਕਿ **ਜੋ ਸਾਰੀ ਸੰਪੂਰਨਤਾਈ ਉਸ ਵਿਚ ਵੱਸੇ**। ''ਵੱਸੇ'' (*katoikeō*) ਵਰਤਮਾਨ ਭਾਵਾਰਥਕ ਸੰਗਿਆ ਰੂਪ ਵਿਚ ਹੈ ਜਿਸਦਾ ਅਰਥ ਹੈ ਕਿ ਭਰਪੂਰੀ ਬਣੀ ਰਹਿੰਦੀ ਹੈ। ਯਿਸੂ ਦੇ ਧਰਤੀ ਉਤਲੇ ਵਾਸ ਨੂੰ ''ਡੇਰੇ'' ਨਾਲ ਵਿਖਾਇਆ (ਯੂਹੰਨਾ 1:14) ਗਿਆ ਹੈ ਜੋ ਇਕ ਵਾਰ ਵਾਸ ਦਾ ਸੰਕੇਤ ਦਿੰਦਾ ਕ੍ਰਿਦੰਤ ਰੂਪ ਹੈ। ਭਰਪੂਰੀ ਜਿਹੜੀ ਯਿਸੂ ਵਿਚ ਵਾਸ ਕਰਦੀ ਹੈ, ਇੱਕੋ ਵਾਰ ਦੀ ਭਰਪੂਰੀ ਨਹੀਂ ਹੈ; ਇਹ ਸੁਭਾਅ ਵਿਚ ਹੈ।

ਯੂਨਾਨੀ ਸ਼ਬਦ ***plērōma*** ''ਸੰਪੂਰਨਤਾਈ'' ਦੀ ਵਰਤੋਂ ਇੱਥੇ ਯੂਹੰਨਾ 1:16 ਅਤੇ ਅਫ਼ਸੀਆਂ 1:23; 3:19; 4:13 ਵਰਗੀ ਭਰਪੂਰੀ ਦੇ ਨਾਲ ਕੀਤੀ ਗਈ ਹੈ। ਬਾਅਦ ਵਿਚ ਕੁਲੁੱਸੀਆਂ ਦੇ ਨਾਲ ਪੌਲੁਸ ਦੇ ਇਸ ਵਿਚਾਰ ਦੇ ਲਈ ਵਾਪਸ ਆਇਆ ਅਤੇ ਉਸ ਨੇ ਉਸ ਭਰਪੂਰੀ ਤੇ ਜ਼ੋਰ ਦਿੱਤਾ ਜਿਹੜੀ ਮਸੀਹ ਵਿਚ ਹੈ: ''ਕਿਉਂ ਜੋ ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ ਓਸੇ ਵਿਚ ਦੇਹਧਾਰੀ ਹੋ ਕੇ ਵੱਸਦੀ ਹੈ'' (ਕੁਲੁੱਸੀਆਂ 2:9)। ਉਸ ਵਿਚ ਮੁਕਤੀ, ਜੀ ਉੱਠਣਾ, ਸਾਰਾ ਇਖ਼ਤਿਆਰ, ਸ਼ਕਤੀ ਅਤੇ ਪਿਤਾ ਦਾ ਪਰਗਟਾਵਾ ਹੈ। ਇਸ ਦੇ ਇਲਾਵਾ ਵਰਤਮਾਨ ਵਿਚ ਉਸ ਵਿਚ ਬਣੇ ਰਹਿਣਾ ਮਨੁੱਖ ਜਾਤੀ ਦੇ ਲਈ ਪਰਮੇਸ਼ੁਰ ਦੇ ਹਰ ਉਦੇਸ਼ ਨੂੰ ਪੂਰਾ ਕਰਨਾ ਅਤੇ ਪਿਤਾ ਦੇ ਸੁਭਾਵ ਦਾ ਪੂਰਾ ਇਖ਼ਤਿਆਰ ਹੈ।

ਪਿਤਾ ਦੇ ਇਲਾਹੀ ਮਕਸਦ ਨੂੰ ਯਿਸੂ ਵਿਚ ਹਾਸਲ ਕਰ ਲਿਆ ਗਿਆ ਹੈ। ਮਨੁੱਖ ਜਾਤੀ ਕੋਲ ਯਿਸੂ ਨੂੰ ਛੱਡ ਅਤੇ ਕੋਈ ਦੂਜਾ ਸਿਰਜਣਹਾਰ, ਪ੍ਰਭੂ, ਗੁਰੂ, ਸ਼ਰ੍ਹਾ ਦਾ ਦੇਣ ਵਾਲਾ ਜਾਂ ਮੁਕਤੀਦਾਤਾ ਨਹੀਂ ਹੈ। ਜੋ ਕੁਝ ਰਚਿਆ ਗਿਆ ਹੈ, ਉਸ ਦੇ ਸਬੰਧ ਵਿਚ ਯਿਸੂ ਸਭ ਵਿਚ ਸਭ ਕੁਝ ਹੈ। ਉਸ ਵਿਚ ਸਰਿਸ਼ਟ ਨਾਲ ਜੁੜੀ ਖ਼ੁਦਾ ਦੀ ਇੱਛਾ ਪੂਰੀ ਹੁੰਦੀ ਹੈ। ਸਲੀਬ ਉੱਤੇ ਆਪਣੇ ਦੁੱਖ ਝੱਲਣ ਨਾਲ ਉਸ ਨੂੰ ਮਨੁੱਖ ਜਾਤੀ ਦਾ ਮੁਕਤੀਦਾਤੇ ਦੇ ਰੂਪ ਵਿਚ ਸੰਪੂਰਣ, ਸਿੱਧ ਬਣਾ ਦਿੱਤਾ ਗਿਆ (ਇਬਰਾਨੀਆਂ 5:9)। ਇਸ ਸਭ ਦੇ ਇਲਾਵਾ ਉਸ ਵਿਚ ਖ਼ੁਦਾ ਦੀ ਪੂਰੀ ਸਮਰੱਥ ਅਤੇ ਖ਼ੁਦਾਈ ਦਾ ਖ਼ੁਦਾਈ ਵਾਲਾ ਸੁਭਾਅ, ਬਿਨਾਂ ਮਿਲਾਵਟ ਦੇ ਅਤੇ ਪੂਰੀ ਤਰ੍ਹਾਂ ਨਾਲ ਪਰਗਟ ਕੀਤਾ ਗਿਆ। ਯਿਸੂ ਵਿਚ ਕਿਸੇ ਵੀ ਗੁਣ ਦੀ ਕੋਈ ਕਮੀ ਨਹੀਂ ਹੈ।

ਇਸ ਗੱਲ ਵਿਚ ਉਹ ਧਰਤੀ ਦੇ ਵਾਸੀਆਂ ਦੀ ਹਰ ਲੋੜ ਨੂੰ ਪੂਰਿਆਂ ਕਰਦਾ ਹੈ, ਸਾਫ਼ ਹੈ ਕਿ ਖ਼ੁਦਾ ਨੇ ਸਾਰੀ ਭਰਪੂਰੀ ਨੂੰ ਉਸ ਵਿਚ ਵੱਸਣ ਦੇ ਲਈ ਬਣਾਇਆ। ਯਿਸੂ ਨੂੰ ਛੱਡ ਕੇ ਕੁਲੁੱਸੀਆਂ ਨੂੰ ਕਿਸੇ ਹੋਰ ਕੋਲ ਜਾਣ ਦੀ ਲੋੜ ਨਹੀਂ ਸੀ। ਇਹੀ ਗੱਲ ਅੱਜ ਦੇ ਲੋਕਾਂ ਦੇ ਲਈ ਹੈ। ਜੇ ਉਨ੍ਹਾਂ ਨੂੰ ਮੁਕਤੀ ਦੀ ਲੋੜ ਹੈ ਤਾਂ ਯਿਸੂ ਉਨ੍ਹਾਂ ਨੂੰ ਪੂਰੀ ਪੂਰੀ ਮੁਕਤੀ ਦਿੰਦਾ ਹੈ। ਜੇ ਉਨ੍ਹਾਂ ਨੂੰ ਰੂਹਾਨੀ ਮਦਦ ਦੀ ਲੋੜ ਹੈ ਤਾਂ ਯਿਸੂ ਉਨ੍ਹਾਂ ਦਾ ਮਦਦਗਾਰ ਹੈ। ਜੇ ਉਨ੍ਹਾਂ ਨੂੰ ਸਿੱਖਿਆ ਦੀ ਲੋੜ ਹੈ ਤਾਂ ਸੱਚਾ ਗੁਰੂ ਸਿਰਫ਼ ਯਿਸੂ ਹੈ। ਉਹ ਮਨੁੱਖ ਦਾ ਇੱਕੋ ਇਕ ਮੁਕਤੀਦਾਤਾ (ਰਸੂਲਾਂ ਦੇ ਕੰਮ 4:12) ਅਤੇ ਵਿਚੋਲਾ (1 ਤਿਮੋਥਿਉਸ 2:5) ਹੈ। ਵਿਚੋਲੇ ਦੇ ਰੂਪ ਵਿਚ ਉਸ ਨੇ ਉਨ੍ਹਾਂ ਲੋਕਾਂ ਲਈ ਜਿਹੜੇ ਖ਼ੁਦਾ ਤੋਂ ਅੱਡ ਹੋ ਗਏ ਹਨ ਮੇਲ ਮੁਹੱਈਆ ਕਰਵਾਇਆ ਹੈ। ਮਸੀਹੀ ਲੋਕਾਂ ਦੇ ਲਈ ਭਰਪੂਰੀ ਯਿਸੂ ਵਿਚ ਵਾਸ ਕਰਦੀ ਹੈ। ''ਸਿਖਾਉਣ ਵਾਲੇ ਦਾ ਕੰਮ ਲੋਕਾਂ ਨੂੰ ਮਸੀਹ ਵਿਚ ਉਸ ਦੀ ਭਰਪੂਰੀ ਲੱਭਣ ਵਿਚ ਅਗਵਾਈ ਕਰਨਾ ਹੈ: *ਉਸ ਵਿਚ ਆਪਣੇ ਲੋਕਾਂ ਨੂੰ ਦੇਣ ਦੇ ਲਈ ਮਸੀਹ ਨਾਲੋਂ ਵਧ ਕੇ ਕੁਝ ਨਹੀਂ ਹੈ।*'[20]

ਯਿਸੂ ਤੋਂ ਵੱਖ ਹੋ ਕੇ ਰੂਹਾਨੀ ਲੋੜਾਂ ਨੂੰ ਪੂਰਾ ਕਰਨ ਦੀ ਤਲਾਸ਼ ਕਰਨ ਵਾਲੀਆਂ ਕਲੀਸੀਆਵਾਂ ਉਸ ਤੋਂ ਜੋ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਿਆਂ ਕਰ ਸਕਦਾ ਹੈ, ਭਟਕ ਗਈਆਂ ਹਨ। ਉਹ ਉਸ ਤੋਂ ਵੱਖ ਹੋ ਕੇ ਕਿਸੇ ਅਣਜਾਣ ਸਰੋਤ ਦੇ ਵੱਲ ਚਲੀਆਂ ਗਈਆਂ ਹਨ। ਜਦ ਇਸਰਾਏਲੀ ਖ਼ੁਦਾ ਤੋਂ ਮੂਰਤਾਂ ਵੱਲ ਮੁੜ ਗਏ ਤਾਂ ਯਿਰਮਿਯਾਹ ਨੇ ਲਿਖਿਆ, ''ਮੇਰੀ ਪਰਜਾ ਨੇ ਦੋ ਬੁਰਿਆਈਆਂ ਜੋ ਕੀਤੀਆਂ ਉਨ੍ਹਾਂ ਨੇ ਮੈਨੂੰ ਤਿਆਗ ਦਿੱਤਾ, ਜੀਉਂਦੇ ਪਾਣੀ ਦੇ ਸੋਤੇ ਨੂੰ, ਆਪਣੇ ਲਈ ਚੁਬੱਚੇ ਪੁੱਟੇ, ਟੁੱਟੇ ਹੋਏ ਚੁਬੱਚੇ, ਜਿਨ੍ਹਾਂ ਵਿਚ ਪਾਣੀ ਨਹੀਂ ਠਹਿਰਦਾ'' (ਯਿਰਮਿਯਾਹ 2:13)।

ਯਿਸੂ ਦੇ ਬਾਹਰ ਕੋਈ ਭਰਪੂਰੀ ਨਹੀਂ ਹੈ। ਯਿਸੂ ਦੇ ਅੰਦਰ ਉਹ ਸਭ ਕੁਝ ਹੈ ਜਿਸਦੀ ਖ਼ੁਦਾ ਦੇ ਨਾਲ ਆਪਣੇ ਸਬੰਧ ਨੂੰ ਸੰਪੂਰਣ ਕਰਨ ਲਈ ਮਸੀਹੀ ਲੋਕਾਂ ਨੂੰ ਲੋੜ ਹੈ। ਪੌਲੁਸ ਨੇ ਇਸ ਆਇਤ ਵਿਚ ਅਤੇ ਕੁਲੁੱਸੀਆਂ 2:10 ਬੁਨਿਆਦ ਰੱਖ ਦਿੱਤੀ ਜਦ ਉਸ ਨੇ ਲਿਖਿਆ, ''ਤੁਸੀਂ ਉਹ ਦੇ ਵਿਚ ਸੰਪੂਰਨ ਹੋ ਗਏ ਹੋ ਜਿਹੜਾ ਸਾਰੀ ਹਕੂਮਤ ਅਤੇ ਇਖ਼ਤਿਆਰ ਦਾ ਸਿਰ ਹੈ।''

## ਮੇਲ ਦਾ ਵਸੀਲਾ (1:20)

**[20]ਅਤੇ ਉਸ ਦੀ ਸਲੀਬ ਦੇ ਲਹੂ ਦੇ ਵਸੀਲੇ ਮੇਲ ਕਰਾ ਕੇ ਧਰਤੀ ਉਤਲੀਆਂ ਅਤੇ ਅਕਾਸ਼ ਉਤਲੀਆਂ ਸਾਰੀਆਂ ਵਸਤਾਂ ਨੂੰ ਉਹ ਦੇ ਰਾਹੀਂ, ਹਾਂ ਓਸੇ ਦੇ ਰਾਹੀਂ ਆਪਣੇ ਨਾਲ ਮਿਲਾਵੇ।**

**''ਸਾਰੀਆਂ ਵਸਤਾਂ ਨੂੰ ਉਹ ਦੇ ਰਾਹੀਂ ਮਿਲਾਵੇ''** (1:20)

ਇਹ ਕਹਿਣ ਦੇ ਬਾਅਦ ਕਿ ਖ਼ੁਦਾ ਦੀ ਭਰਪੂਰੀ ਮਸੀਹ ਵਿਚ ਹੈ ਪੌਲੁਸ ਨੇ ਭਰੋਸਾ ਦਿੱਤਾ ਕਿ ਯਿਸੂ ਦੇ ਰਾਹੀਂ ਪਿਤਾ ਨੇ ਮੇਲ ਯਕੀਨੀ ਬਣਾਇਆ ਹੈ। **ਸਾਰੀਆਂ ਵਸਤਾਂ ਨੂੰ ਉਹ ਦੇ ਰਾਹੀਂ ਆਪਣੇ ਨਾਲ ਮਿਲਾਵੇ** ਦੋ ਸਚਿਆਈਆਂ ਨੂੰ ਸੰਕੇਤ ਦਿੰਦਾ ਹੈ: (1) ਪਾਪ ਦੇ ਕਾਰਣ ਮਨੁੱਖ ਜਾਤੀ ਖ਼ੁਦਾ ਤੋਂ ਅੱਡ ਅਤੇ ਬਾਹਰ ਕੀਤੀ ਗਈ ਹੈ, (2) ਖ਼ੁਦਾ ਹੀ ਹੈ ਜਿਸ ਨੇ ਯਿਸੂ ਦੇ ਰਾਹੀਂ ਦੋਸਤਾਨਾ ਸਬੰਧ ਸੰਭਵ ਬਣਾਇਆ ਹੈ। ਪਾਪ ਮਨੁੱਖ ਅਤੇ ਖ਼ੁਦਾ ਦੇ ਵਿਚ ਇਕ ਹਮੇਸ਼ਾ ਰਹਿਣ ਵਾਲੀ ਕੰਧ ਬਣਾ ਦਿੰਦਾ ਹੈ। ਇਹ ਮਨੁੱਖ ਨੂੰ ਖ਼ੁਦਾ ਨਾਲੋਂ ਅੱਡ ਕਰਦਾ ਹੈ, ਉਸ ਦੇ ਨਾਲ ਉਹਦਾ ਸਬੰਧ ਤੋੜ ਦਿੰਦਾ ਹੈ ਅਤੇ ਖ਼ੁਦਾ ਦਾ ਦੁਸ਼ਮਣ ਬਣਾ ਦਿੰਦਾ ਹੈ (ਯਸਾਯਾਹ 59:1, 2; ਅਫ਼ਸੀਆਂ 2:12, 13; ਯਾਕੂਬ 4:4)। ਸਾਰੀ ਮਨੁੱਖ ਜਾਤੀ ਦੀ ਲੋੜ ਪਰਮੇਸ਼ੁਰ ਦੇ ਨਾਲ ਸੁਲਾਹ ਕਰਕੇ ਉਸ ਦਾ ਦੋਸਤ ਬਣ ਜਾਣਾ ਹੈ। ਅਬਰਾਹਾਮ ਦੀ ਇਕ ਉਦਾਹਰਣ ਹੈ, ਜਿਸ ਦੇ ਈਮਾਨ ਅਤੇ ਕੰਮਾਂ ਦੇ ਸਦਕਾ ਉਹ ਖ਼ੁਦਾ ਦਾ ਦੋਸਤ ਬਣ ਗਿਆ (ਯਾਕੂਬ 2:22, 23)।

ਮੇਲ ਮਸੀਹ ਦੀ ਭਰਪੂਰੀ ਵਿਚ ਮਿਲਦਾ ਹੈ। ਇਸਦਾ ਸਬੰਧ ਖ਼ੁਦਾ ਨੂੰ ਭਾਉਣ ਨਾਲ ਕੀਤਾ ਜਾ ਸਕਦਾ ਹੈ। ਹੇਅ ਨੇ ਲਿਖਿਆ ਹੈ:

> ਆਇਤ 20 ਵਿਚ ''ਮੇਲ ਕਰਵਾ ਕੇ'' ਦਾ ਭਾਵਾਰਥੀ ਸ਼ਬਦ ਵਿਆਕਰਣ ਦੇ ਅਰਥ ਵਿਚ ... ਆਇਤ 19 ਵਿਚ ''ਵੱਸੇ'' ਦੇ ਬਰਾਬਰ ਹੈ, ਜਿਸ ਵਿਚ ਦੋਹਾਂ ਭਾਵਾਰਥੀ ਸ਼ਬਦ ''ਭਾਇਆ'' ਦੇ ਭਾਵ ਨੂੰ ਪੂਰਾ ਕਰਦਾ ਹੈ। ਖ਼ੁਦਾ ਦੀ ਸਾਰੀ ਭਰਪੂਰੀ ਵਿਚ ਖ਼ੁਦਾ ਦੇ ਪੁੱਤਰ ਵਿਚ ਹੋਣ ਅਤੇ ਪੁੱਤਰ ਦਾ ਰਾਹੀਂ ਕੰਮ ਕਰਨਾ ਪਸੰਦ ਕੀਤਾ। ਇਹ ਕੜੀ ਸਾਫ਼ ਤੌਰ ਤੇ 2 ਕੁਰਿੰਥੀਆਂ 5:19 ਦੀ ਗੱਲ ਦੇ ਬਹੁਤ ਮੇਲ ਖਾਂਦੀ ਹੈ, ''ਪਰਮੇਸ਼ੁਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ,'' ਭਾਵੇਂ ਇਸ ਵਿਚ ਕਈ ਵੱਡੇ ਫ਼ਰਕ ਹਨ। ''ਮਿਲਾ ਰਿਹਾ'' ਲਈ ਕਿਰਿਆ ਸ਼ਬਦ ਵੱਖਰਾ ਹੈ; ਅਸਲ ਵਿਚ 1:20 ਵਿਚ ਸਹੀ ਸ਼ਬਦ (ਯੂ. *apokatalassein*) ਪੁਰਾਣੇ ਯੂਨਾਨੀ ਸਾਹਿਤ ਵਿਚ ਕਿਤੇ ਨਹੀਂ ਮਿਲਦਾ ਅਤੇ ਹੋ

ਸਕਦਾ ਹੈ ਕਿ ਇਸ ਨੂੰ 2 ਕੁਰਿੰਥੀਆਂ 5:18–19 ਅਤੇ ਰੋਮੀਆਂ 5:10 ਵਿਚ ਪੌਲੁਸ ਦੀ ਵਰਤੋਂ ਕਰਨ ਨਾਲ ਜੋੜਿਆ ਗਿਆ ਹੋਵੇ (ਯੂ. *katalassein*)।[21]

''ਮੇਲ ਕਰਵਾ ਕੇ'' ਦਾ ਅਰਥ ਉਨ੍ਹਾਂ ਰੁਕਾਵਟਾਂ ਨੂੰ, ਜੋ ਦੋਹਾਂ ਧਿਰਾਂ ਨੂੰ ਵੱਖ ਕਰਦੀਆਂ ਹਨ, ਹਟਾਉਣਾ ਹੈ, ਤਾਂ ਜੋ ਉਹ ਦੋਸਤ ਬਣ ਸਕਣ। ਯਿਸੂ ਨੇ ਇਸ ਨੂੰ ਯਕੀਨੀ ਬਣਾਉਣ ਲਈ ਸਲੀਬ ਉੱਤੇ ਮਨੁੱਖ ਜਾਤੀ ਦੇ ਪਾਪਾਂ ਨੂੰ ਸਹਿ ਕੇ ਰੁਕਾਵਟ ਨੂੰ ਦੂਰ ਕਰਕੇ ਆਪਣਾ ਕੰਮ ਕਰ ਦਿੱਤਾ ਹੈ (1 ਪਤਰਸ 2:24)। ਮਨੁੱਖ ਦੀ ਜ਼ਿੰਮੇਵਾਰੀ ਮੇਲ ਲਈ ਯਿਸੂ ਦੀ ਇੱਛਾ ਨੂੰ ਪੂਰਾ ਕਰਨਾ ਹੈ। ਖ਼ੁਦਾ ਮਨੁੱਖ ਵਿਚ ਮਸੀਹ ਵਿਚ ਮਿਲਦਾ ਹੈ ਜਿੱਥੇ ਮੇਲ ਸੁਖਾਲਾ ਕਰ ਦਿੱਤਾ ਗਿਆ ਹੈ (2 ਕੁਰਿੰਥੀਆਂ 5:19) । ਯਿਸੂ ਨੇ ਪਾਪ ਦਾ ਸਰਾਪ ਆਪਣੇ ਉੱਤੇ ਲੈ ਲਿਆ ਅਤੇ ਮਨੁੱਖਾਂ ਦੀ ਖ਼ਾਤਿਰ ਪਾਪ ਬਣ ਗਿਆ (ਗਲਾਤੀਆਂ 3:13; 2 ਕੁਰਿੰਥੀਆਂ 5:21)। ਅਗਲਾ ਕਦਮ ਮਨੁੱਖ ਦਾ ਹੈ, ਜਿਸ ਵਿਚ ਮਨੁੱਖ ਦਾ ਖ਼ੁਦਾ ਦੇ ਨਾਲ ਮੇਲ ਕਰਨ ਲਈ ਮਸੀਹ ਵਿਚ ਆਉਣਾ ਜ਼ਰੂਰੀ ਹੈ (2 ਕੁਰਿੰਥੀਆਂ 5:20; ਗਲਾਤੀਆਂ 3:26, 27) ਖ਼ੁਦਾ ਨੇ ਯਿਸੂ ਦੇ ਰਾਹੀਂ ਮੇਲ ਦਾ ਆਪਣਾ ਕੰਮ ਪੂਰਾ ਕਰ ਲਿਆ ਹੈ। ਹੁਣ ਉਹ ਹੋਰ ਕੁਝ ਨਹੀਂ ਕਰੇਗਾ।

ਮਨੁੱਖ ਜਾਤੀ ਨੂੰ ਆਦਮ ਅਤੇ ਹੱਵਾ ਦੇ ਪਾਪ ਦੇ ਅਧਾਰ ਤੇ ਖ਼ੁਦਾ ਤੋਂ ਵੱਖ ਨਹੀਂ ਕੀਤਾ ਗਿਆ ਹੈ। ਅਸੀਂ ਉਸ ਤੋਂ ਆਪਣੇ ਆਪ ਹੀ ਕੱਢੇ ਗਏ ਹਾਂ (ਉਤਪਤ 3:23, 24)। ਨਿਆਣੇ ਸੰਸਾਰ ਵਿਚ ਭਲੇ ਅਤੇ ਬੁਰੇ ਦੇ ਗਿਆਨ ਦੇ ਬਿਨਾਂ ਆਉਂਦੇ ਹਨ (ਵਿਵਸਥਾਸਾਰ 1:39)। ਉਨ੍ਹਾਂ ਨੂੰ ਭਲੇ ਅਤੇ ਬੁਰੇ ਦੀ ਪਛਾਣ ਨਹੀਂ ਹੁੰਦੀ, ਇਸ ਕਾਰਣ ਉਨ੍ਹਾਂ ਵਿਚ ਪਾਪ ਨਹੀਂ ਹੁੰਦਾ (ਯੂਹੰਨਾ 9:41)। ਸੁਰਗ ਦਾ ਰਾਜ ਇਹੋ ਜਿਹਿਆਂ ਦਾ ਹੀ ਹੈ (ਮੱਤੀ 19:14)। ਹਰ ਮਨੁੱਖ ਆਪੋ ਆਪਣੇ ਪਾਪਾਂ ਦੇ ਕਾਰਣ ਖ਼ੁਦਾ ਤੋਂ ਅੱਡ ਹੁੰਦਾ ਹੈ (ਯਸਾਯਾਹ 59:1, 2; ਯਾਕੂਬ 1:14)। ਯਿਸੂ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਉਣ ਲਈ ਆਇਆ (ਮੱਤੀ 1:21)। ਪਤਰਸ ਨੇ ਲੋਕਾਂ ਨੂੰ ''ਆਪੋ *ਆਪਣੇ* ਪਾਪਾਂ ਦੀ ਮਾਫ਼ੀ ਦੇ ਲਈ'' (ਰਸੂਲਾਂ ਦੇ ਕੰਮ 2:38) ਬਪਤਿਸਮਾ ਲੈਣ ਲਈ ਕਿਹਾ ਅਤੇ ਪੌਲੁਸ ਨੂੰ ਕਿਹਾ ਗਿਆ ਕਿ ''... ਉਹਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ *ਆਪਣੇ* ਪਾਪ ਧੋ ਸੁੱਟ'' (ਰਸੂਲਾਂ ਦੇ ਕੰਮ 22:16)। ਕਿਸੇ ਨੂੰ ਕਦੇ ਆਦਮ ਦੀ ਵਿਰਾਸਤ ਤੋਂ ਮਿਲੇ ਪਾਪਾਂ ਦੀ ਮੁਕਤੀ ਦੇ ਲਈ ਕੁਝ ਕਰਨ ਨੂੰ ਨਹੀਂ ਕਿਹਾ ਗਿਆ।

1:6, 23 ਦੇ ਵਾਂਗ ''ਸਾਰੀਆਂ ਵਸਤਾਂ'' ਦਾ ਅਰਥ ਸੰਸਾਰ ਦੀ ਹਰ ਵਸਤ ਨਹੀਂ ਹੈ। ਯੂਨਾਨੀ ਭਾਸ਼ਾ ਵਿਚ ਸਿਰਫ਼ ਵਿਸ਼ੇਸ਼ਣ ਸ਼ਬਦ *panta* ਮਿਲਦਾ ਹੈ ਜਿਸਦਾ ਅਰਥ ''ਸਾਰੇ'' ਹੈ। ਯੂਨਾਨੀ ਧਰਮ ਸ਼ਾਸਤਰ ਵਿਚ ''ਵਸਤੁ'' ਨਹੀਂ ਮਿਲਦਾ ਪਰ ਸ਼ਬਦ ਦੇ ਰੂਪ ਵਿਚ ਇਸ ਦਾ ਸੰਕੇਤ ਮਿਲਦਾ ਹੈ।

''ਸਾਰੀਆਂ'' ਵਿਚ ਜਿਸਮਾਨੀ ਦੁਨੀਆਂ, ਪਸ਼ੂ ਜਾਂ ਹੋਰ ਜੀਵ ਨਹੀਂ ਹੋਣੇ ਸਨ ਕਿਉਂਕਿ ਉਨ੍ਹਾਂ ਨੇ ਆਪਣੇ ਆਪ ਨੂੰ ਖ਼ੁਦਾ ਤੋਂ ਵੱਖ ਕਰਨ ਦੇ ਲਈ ਕੋਈ ਕੰਮ ਨਹੀਂ ਕੀਤਾ। ਪੌਲੁਸ ਦੇ ''ਸਾਰੀਆਂ'' ਕਹਿਣ ਦਾ ਅਰਥ ਉਹ ਲੋਕ ਹੋਣਗੇ ਜਿਹੜੇ ਨਾਂ ਦੇ ਪਾਪਾਂ ਨੇ ਉਨ੍ਹਾਂ ਨੂੰ ਖ਼ੁਦਾ ਤੋਂ ਅੱਡ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਵਿਚੋਲੇ ਦੀ ਲੋੜ ਸੀ। ਯਿਸੂ ਉਨ੍ਹਾਂ ਲੋਕਾਂ ਨੂੰ ਮਿਲਾਉਣ ਦੇ ਲਈ ਨਹੀਂ ਆਇਆ ਜਿਨ੍ਹਾਂ ਦਾ ਖ਼ੁਦਾ ਨਾਲ ਸਹੀ ਸਬੰਧ ਸੀ (ਮੱਤੀ 9:13), ਬਲਕਿ ''ਮਨੁੱਖ ਦਾ ਪੁੱਤਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ'' (ਲੂਕਾ 19:10)। ਪੂਰੇ ਸੰਸਾਰ ਵਿਚ ਸਿਰਫ਼ ਮਨੁੱਖ ਹੀ ਉਹ ਜੀਵ ਹੈ ਜਿਹਨੂੰ ਖ਼ੁਦਾ ਦੇ ਨਾਲ ਮੇਲ ਦੀ ਲੋੜ ਹੈ ਅਤੇ ਜਿਸ ਨੂੰ ਮਿਲਾਇਆ ਜਾ ਸਕਦਾ ਹੈ। ''ਸਾਰੀਆਂ'' ਦਾ ਅਰਥ ਇਹ ਹੋਵੇਗਾ ਕਿ ਯਿਸੂ ਨੇ ਸਭ ਲੋਕਾਂ ਲਈ ਜਿਹੜੇ ਸੰਸਾਰ ਵਿਚ ਕਦੀ ਰਹੇ ਹਨ ਮੇਲ ਅਸਾਨ ਬਣਾ ਦਿੱਤਾ ਹੈ।

ਕੁਝ ਲੋਕਾਂ ਦਾ ''ਸਾਰੀਆਂ ਵਸਤਾਂ'' ਦਾ ਅਰਥ ਸਰਵਮੁਕਤੀ ਦਾ ਜ਼ੋਰ ਦੇਣ ਲਈ ਕਰਨਾ

ਚਾਹਿਆ ਹੈ। ਪੌਲੁਸ ਦੇ ਕਹਿਣ ਦਾ ਇਹ ਅਰਥ ਨਹੀਂ ਸੀ ਕਿ ਹਰ ਕਿਸੇ ਨੂੰ ਬਿਨਾਂ ਸ਼ਰਤ ਖ਼ੁਦਾ ਦੇ ਨਾਲ ਮਿਲਾ ਦਿੱਤਾ ਜਾਵੇਗਾ। ਮੇਲ ਮਿਲਾਪ ਯਿਸੂ ਦੇ ਰਾਹੀਂ ਹੋ ਸਕਿਆ ਹੈ। ਪਰ ਇਸ ਨੂੰ ਪਾਉਣ ਦੇ ਲਈ ਜਵਾਬ ਜ਼ਰੂਰੀ ਹੈ। ਪੌਲੁਸ ਨੇ ਮਸੀਹੀ ਲੋਕਾਂ ਨੂੰ ਖ਼ੁਦਾ ਦੇ ਨਾਲ ਮਿਲਾਏ ਜਾਣ ਦੀ ਬੇਨਤੀ ਕੀਤੀ (2 ਕੁਰਿੰਥੀਆਂ 5: 18–20)। ਯਿਸੂ ਉਨ੍ਹਾਂ ਲੋਕਾਂ ਨੂੰ ਬਚਾਉਂਦਾ ਹੈ ਜਿਹੜੇ ਉਸ ਦੀ ਗੱਲ ਮੰਨਦੇ ਹਨ (ਇਬਰਾਨੀਆਂ 5:9)। ਉਹ ਉਨ੍ਹਾਂ ਨੂੰ ਹਮੇਸ਼ਾ ਲਈ ਸਜ਼ਾ ਦਵੇਗਾ ਜਿਹੜੇ ਉਹਦੀ ਗੱਲ ਨਹੀਂ ਮੰਨਦੇ (2 ਥੱਸਲੁਨੀਕੀਆਂ 1:7–9)। ਯਿਸੂ ਨੇ ਕਿਹਾ, ‘‘ਨਾਸ’’ ਅਤੇ ‘‘ਜੀਉਣ’’ (ਮੱਤੀ 7: 13, 14); ‘‘ਸਦੀਪਕ ਸਜਾ’’ ਅਤੇ ‘‘ਸਦੀਪਕ ਜੀਉਣ’’ (ਮੱਤੀ 25:46); ‘‘ਜੀਉਣ ਦੀ ਕਿਆਮਤ’’ ਅਤੇ ‘‘ਨਿਆਉਂ ਦੀ ਕਿਆਮਤ’’ (ਯੂਹੰਨਾ 5:29; KJV) ਦੋ ਵੱਖੋ ਵੱਖ ਭਵਿੱਖ ਹਨ।

ਸਰਵਮੁਕਤੀ ਦੀ ਗਲਤ ਸਿੱਖਿਆ ਕਲੀਸੀਆ ਦੇ ਲੇਖਾਂ ਵਿਚ ਸ਼ੁਰੂ ਵਿਚ ਵਿਖਾਈ ਜਾਣ ਲੱਗੀ। ‘‘ਪਹਿਲਾ ਮਸੀਹੀ ਸਰਵਮੁਕਤੀਵਾਦੀ ਜਰੂਰ ਹੀ ਓਰਿਗਨ ਸੀ। ਆਪਣੀ ਵੱਡੀ ਕਿਤਾਬ *De Principiis* ਵਿਚ ਉਸ ਨੇ ਸਭਨਾਂ ਲਈ ਵਿਸ਼ਵਵਿਆਪੀ, ਅਖ਼ੀਰ ਬਹਾਲੀ ਦੇ ਇਸ ਵਿਚਾਰ ਦਾ ਸੁਝਾਅ ਦਿੱਤਾ।’’[22]

**‘‘ਉਸ ਦੀ ਸਲੀਬ ਦੇ ਲਹੂ ਦੇ ਵਸੀਲੇ ਮੇਲ ਕਰਾ ਕੇ ਧਰਤੀ ਉਤਲੀਆਂ ਅਤੇ ਅਕਾਸ਼ ਉਤਲੀਆਂ ਸਾਰੀਆਂ ਵਸਤਾਂ ਨੂੰ ਉਹ ਦੇ ਰਾਹੀਂ, ਹਾਂ ਓਸੇ ਦੇ ਰਾਹੀਂ ਆਪਣੇ ਨਾਲ ਮਿਲਾਵੇ’’** (1:20)

ਫਿਰ ਪੌਲੁਸ ਨੇ **ਉਸ ਦੇ ਸਲੀਬ ਦੇ ਲਹੂ ਦੇ ਵਸੀਲੇ** ਮੇਲ ਮਿਲਾਪ ਕਰਨ ਦੀ ਗੱਲ ਕਹੀ। ਯਿਸੂ ਨੇ ਪਾਪਾਂ ਦੀ ਮਾਫ਼ੀ ਦੇ ਲਈ ਆਪਣਾ ਲਹੂ ਦੇ ਵਹਾਇਆ (ਮੱਤੀ 26:28)। ਇਸ ਕਰਕੇ ਕਿ ਮਨੁੱਖਾਂ ਦਾ ਖ਼ੁਦਾ ਦੇ ਨਾਲ ਮੇਲ ਕਰ ਸਕਣ। ਖ਼ੁਦਾ ਅਤੇ ਮਨੁੱਖ ਨੂੰ ਮਿਲਾਉਣ ਤੋਂ ਪਹਿਲਾਂ ਪਾਪ ਦੀ ਕੰਧ ਨੂੰ ਢਾਹ ਦੇਣਾ ਜ਼ਰੂਰੀ ਸੀ। ਧਰਤੀ ਤੇ ਇਸ ਜੀਵਨ ਵਿਚ ਸ਼ਾਇਦ ਕੋਈ ਨਹੀਂ ਜਾਣ ਸਕਦਾ ਕਿ ਖ਼ੁਦਾ ਬਿਣਾ ਲਹੂ ਵਹਾਏ ਪਾਪਾਂ ਦੀ ਮਾਫ਼ੀ ਕਿਉਂ ਨਹੀਂ ਦਵੇਗਾ (ਇਬਰਾਨੀਆਂ 9:22)। ‘‘ਜੀਵਨ ਦੇ ਵੱਟੇ ਜੀਵਨ’’ ਦਾ ਨੇਮ (ਕੂਚ 21:23; ਵਿਵਸਥਾਸਾਰ 19:21) ਨਾਲ ਮੇਲ ਮਿਲਾਪ ਹੋ ਸਕਦਾ ਹੈ। ਪਾਪ ਦੀ ਮਜ਼ਦੂਰੀ ਤਾਂ ਮੌਤ ਹੈ (ਰੋਮੀਆਂ 6:23)। ਯਿਸੂ ਨੇ ਪਾਪਾਂ ਦੀ ਮਾਫ਼ੀ ਦੁਆਉਣ, ਮੇਲ ਮਿਲਾਪ ਕਰਾਉਣ, ਹਮੇਸ਼ਾ ਦੀ ਜ਼ਿੰਦਗੀ ਅਤੇ ਖ਼ੁਦਾ ਨਾਲ ਮੇਲ ਕਰਾਉਣ ਲਈ ਆਪਣਾ ਲਹੂ ਵਹਾ ਕੇ ਪਾਪ ਦਾ ਸਰਾਪ ਅਤੇ ਸਜ਼ਾ ਆਪਣੇ ਉੱਤੇ ਲੈ ਲਿਆ (ਗਲਾਤੀਆਂ 3: 13)।

ਯਿਸੂ ਦੇ ਜਨਮ ਦੇ ਵਕਤ ਫ਼ਰਿਸ਼ਤਿਆਂ ਨੇ ਸੁਲ੍ਹਾ ਦਾ ਗੀਤ ਗਾਇਆ: ‘‘ਪਰਮਧਾਮ ਵਿਚ ਪਰਮੇਸ਼ੁਰ ਦੀ ਵਡਿਆਈ, ਅਤੇ ਧਰਤੀ ਉੱਤੇ ਸ਼ਾਂਤੀ ਉਨ੍ਹਾਂ ਲੋਕਾਂ ਵਿਚ ਜਿਨ੍ਹਾਂ ਨਾਲ ਉਹ ਪਰਸਿੰਨ ਹੈ’’ (ਲੂਕਾ 2: 14)। ਯਿਸੂ ਨੇ ਸਹੁੰ ਖਾਧੀ ਕਿ ਉਹ ਆਪਣੇ ਸਮੇਂ ਵਿਚ ਆਗੂਆਂ ਨੂੰ ਸ਼ਾਂਤੀ ਦਵੇਗਾ (ਯੂਹੰਨਾ 14:27; 16:33)। ਖ਼ੁਦਾ ਨਾਲ ਸ਼ਾਂਤੀ ਦਾ ਮੇਲ ਉਨ੍ਹਾਂ ਨੂੰ ਮਿਲਦਾ ਹੈ ਜਿਹੜੇ ‘‘ਭਲਿਆਈ ਕਰਨ ਦੇ ਲਈ’’ (ਰੋਮੀਆਂ 2: 10) ਨਿਹਚਾ ਨਾਲ ਧਰਮੀ ਹੁੰਦੇ ਹਨ (ਰੋਮੀਆਂ 5: 1; ਇਬਰਾਨੀਆਂ 11:6)। ਰੂਹਾਨੀ ਸੋਚ ਵਾਲੇ ਮਨੁੱਖਾਂ ਨੂੰ ਸ਼ਾਤੀ ਮਿਲ ਸਕਦੀ ਹੈ (ਰੋਮੀਆਂ 8:6), ਪਰ ਬੁਰਿਆਈ ਕਰਨ ਵਾਲਿਆਂ ਨੂੰ ਸ਼ਾਂਤੀ ਦਾ ਰਾਹ ਪਤਾ ਨਹੀਂ ਹੁੰਦਾ (ਰੋਮੀਆਂ 3: 17)। ਮੇਲ ਦੇ ਰਾਹੀਂ ਸ਼ਾਂਤੀ ਮਨੁੱਖਾਂ ਦੇ ਲਈ ਇੰਜੀਲ ਦੇ ਰੂਪ ਵਿਚ ਵਿਖਾਈ ਜਾਂਦੀ ਹੈ (ਰੋਮੀਆਂ 10: 15; ਅਫ਼ਸੀਆਂ 2: 17)।

ਆਇਤ ਦੇ ਅੰਤ ਵਿਚ ਪੌਲੁਸ ਨੇ **ਓਸੇ ਦੇ ਵਸੀਲੇ** ਦੁਹਰਾਇਆ ਅਤੇ ਫਿਰ ਜੋੜਿਆ ਭਾਵੇਂ ਕਿ ਉਹ **ਧਰਤੀ ਉਤਲੀਆਂ ਅਤੇ ਅਕਾਸ਼ ਉਤਲੀਆਂ ਸਾਰੀਆਂ ਵਸਤਾਂ**। ‘‘ਵਸਤਾਂ’’ ਮਨੁੱਖੀ ਜੀਵਾਂ ਨਾਲੋਂ ਵਧ ਕੇ ਹੋ ਸਕਦੀਆਂ ਹਨ, ਪਰ ਰਚੀਆਂ ਗਈਆਂ ‘‘ਵਸਤਾਂ’’ ਨੂੰ ਛੱਡ ਕੇ ਯਿਸੂ ਦਾ ਲਹੂ ਕਿਉਂ ਜ਼ਰੂਰੀ ਹੋਣਾ ਸੀ? ਉਸ ਦਾ ਲਹੂ ਪਾਪਾਂ ਦੀ ਮਾਫ਼ੀ ਲਈ ਵਹਾਇਆ ਗਿਆ ਸੀ (ਮੱਤੀ 26:28)। ਪਾਪ ਸਿਰਫ਼ ਮਨੁੱਖ ਨੇ ਕੀਤਾ ਸੀ, ਸਾਰੀ ਸਰਿਸ਼ਟ ਨੇ ਨਹੀਂ।

ਸਾਡੀ ਵਿਆਖਿਆ ਇਹ ਹੈ ਕਿ ਆਦਮ ਦੇ ਪਾਪ ਦੇ ਕਾਰਣ ਹਰ ਚੀਜ਼ ਜਿਹੜੀ ਰਚੀ ਗਈ ਹੈ, ਭਾਵੇਂ ਉਹ ਧਰਤੀ ਹੈ, ਸੂਰਜਮੰਡਲ ਅਤੇ ਆਕਾਸ਼ ਦੇ ਤਾਰੇ, ਹਰ ਵਸਤ ਤੇ ਮੋਹਰ ਕੀਤਾ ਗਿਆ ਸੀ। ਯਿਸੂ ਨੇ ਸਲੀਬ ਦੇ ਰਾਹੀਂ ਇਸ ਸਰਾਪ ਨੂੰ ਹਟਾ ਕੇ ਆਦਮ ਦੇ ਪਾਪ ਨਾਲ ਬਣੀ ਅਸੰਗਤ ਨੂੰ ਦੂਰ ਕਰਨਾਂ ਸੰਭਵ ਬਣਾ ਦਿੱਤਾ। ਆਖੀਰ ਵਿਚ ਸਾਰੀਆਂ ਵਸਤਾਂ ਬਹਾਲ ਹੋ ਜਾਣਗੀਆਂ। ਵਿਸ਼ਵਵਿਆਪੀ ਏਕਤਾ ਅਤੇ ਸ਼ਾਂਤੀ ਜੋ ਸਰਾਪ ਤੋਂ ਪਹਿਲਾਂ ਸੀ (ਉਤਪਤ 3:17) ਸੰਸਾਰ ਵਿਚ ਬਹਾਲ ਹੋ ਜਾਵੇਗੀ (ਰੋਮੀਆਂ 8:18–23)। ਹਰਬਰਟ ਐਮ. ਕਾਰਸਨ ਨੇ ਸੁਝਾਅ ਦਿੱਤਾ ਹੈ ਕਿ ਪੌਲੁਸ ਦੇ ਕਹਿਣ ਤੋਂ ਭਾਵ ਸੀ:

> ਪਰ ਇਹ ਮੇਲ ਸਿਰਫ਼ ਮਨੁੱਖਾਂ ਤਕ ਹੀ ਨਹੀਂ ਹੈ। ਇਹ ਸਿਰਜੇ ਗਏ ਜੀਵਾਂ ਦੇ ਪੂਰੇ ਚੱਕਰ ਤੇ ਲਾਗੂ ਹੁੰਦਾ ਹੈ। ਇਹ ਖ਼ਾਸ ਹੈ ਕਿ ਪੌਲੁਸ ਇੱਥੇ ''ਸਾਰੇ ਮਨੁੱਖਾਂ'' ਨਹੀਂ ਕਹਿੰਦਾ ਜੋ ਕਿ ਉਸਦੀ ਸਾਰੀ ਸਿੱਖਿਆ ਤੋਂ ਉਲਟ ਹੁੰਦਾ, ਬਲਕਿ *ਸਾਰੀਆਂ ਵਸਤਾਂ* ਕਹਿੰਦਾ ਹੈ। ਇਹ ਵਾਕ ਅੰਸ਼ ਭਾਵਾਰਥਕ ਹੈ ਅਤੇ ਖ਼ੁਦਾ ਦੀ ਯੋਜਨਾ ਦੀ ਭਰਪੂਰੀ ਦਾ ਸੁਝਾਅ ਦਿੰਦਾ ਹੈ। ਪਾਪੀ ਮਨੁੱਖ ਨੂੰ ਸਿਰਫ਼ ਮਿਲਾਇਆ ਹੀ ਨਹੀਂ ਜਾਂਦਾ ਬਲਕਿ ਸਿਰਜੇ ਹੋਏ ਚੱਕਰ ਨੂੰ ਜਿਸ ਨੂੰ ਪਾਪ ਦੇ ਕਾਰਣ ਬੇਕਾਰ ਕਰ ਦਿੱਤਾ ਗਿਆ ਹੈ (ਵੇਖੋ [ਰੋਮੀਆਂ 8:20–23]) ਸਲੀਬ ਉੱਤੇ ਪਛਤਾਵੇ ਦੇ ਸਮਰੱਥਾ ਨਾਲ ਭਰੇ ਕਾਰਜ ਦੇ ਫਲ਼ ਵਿਚ ਸਾਂਝੀ ਵੀ ਹੁੰਦਾ ਹੈ।[23]

ਪੌਲੁਸ ਨੇ ਇਹ ਨਹੀਂ ਲਿਖਿਆ ਕਿ ਯਿਸੂ ਦੀ ਮੌਤ ਨਾਲ ਧਰਤੀ ਉੱਤੇ ਵਸਤਾਂ ਦਾ ਸੁਰਗ ਵਿਚ ਦੀਆਂ ਵਸਤਾਂ *ਨਾਲ* ਮੇਲ ਹੋ ਜਾਵੇਗਾ, ਜਿਵੇਂ ਕਿ ਕਈਆਂ ਨੇ ਨਿਚੋੜ ਕੱਢਿਆ ਹੈ। ਉਸ ਦੀ ਮੌਤ ਨਾਲ ਧਰਤੀ *ਉਤਲੀਆਂ* ਵਸਤਾਂ ਲਈ ਅਤੇ ਸੁਰਗ *ਵਿਚਲੀਆਂ* ਵਸਤਾਂ ਲਈ ਮੇਲ ਮੁਹੱਈਆ ਕਰਵਾਇਆ ਗਿਆ ਹੈ। ਇਸਦਾ ਮਤਲਬ ਇਹੀ ਹੋਵੇਗਾ ਕਿ ਯਿਸੂ ਨੇ ਉਨ੍ਹਾਂ ਸਭ ਦੇ ਲਈ ਮੇਲ ਮੁਹੱਈਆ ਕਰਵਾਇਆ ਜਿਨ੍ਹਾਂ ਨੂੰ ਮੇਲ ਦੀ ਲੋੜ ਹੈ। ਜਿਨ੍ਹਾਂ ਨੇ ਖ਼ੁਦਾ ਨੂੰ ਨਾਰਾਜ਼ ਕੀਤਾ ਹੈ ਮਿਲਾਪ ਦੀ ਲੋੜ ਸਿਰਫ਼ ਉਨ੍ਹਾਂ ਨੂੰ ਹੀ ਹੈ, ਇਸ ਲਈ ਭੌਤਿਕ ਵਸਤਾਂ, ਪਸ਼ੂਆਂ ਅਤੇ ਹੋਰ ਜੀਉਂਦੇ ਪ੍ਰਾਣੀਆਂ ਨੂੰ ਇਸ ਵਿੱਚੋਂ ਕੱਢ ਦਿੱਤਾ ਜਾ ਸਕਦਾ ਹੈ। ਜਿਹੜੇ ਲੋਕ ਖ਼ੁਦਾ ਨੂੰ ਨਾਰਾਜ਼ ਕਰ ਸਕਦੇ ਹਨ, ਉਹ ਬਦਰੂਹਾਂ, ਫ਼ਰਿਸ਼ਤੇ ਅਤੇ ਮਨੁੱਖ ਹੀ ਹਨ। ਚੰਗੇ ਫ਼ਰਿਸ਼ਤਿਆਂ ਨੂੰ ਮੇਲ ਮਿਲਾਪ ਦੀ ਲੋੜ ਨਹੀਂ ਹੈ। ਬੁਰੇ ਫ਼ਰਿਸ਼ਤਿਆਂ ਨੂੰ ਅਤੇ ਬਦਰੂਹਾਂ ਨੂੰ ਮਿਲਾਪ ਦੀ ਲੋੜ ਹੈ ਪਰ ਉਨ੍ਹਾਂ ਨੂੰ ਮਿਲੇਗਾ ਨਹੀਂ। ਮਿਲਾਪ ਦੇ ਲਈ ਸਿਰਫ਼ ਪਾਪ ਨਾਲ ਭਰੀ ਮਨੁੱਖ ਜਾਤੀ ਹੀ ਰਹਿ ਜਾਂਦੀ ਹੈ।

ਯਿਸੂ ਰਾਹੀਂ ਧਰਤੀ ਤੇ ਪਾਪ ਨਾਲ ਭਰੇ ਮਨੁੱਖਾਂ ਦੇ ਲਈ ਮੇਲ ਮਿਲਾਪ ਮੁਹੱਈਆ ਕਰਵਾਏ ਜਾਣ ਦੀ ਗੱਲ ਨੂੰ ਸਮਝਣ ਵਿਚ ਸ਼ਾਇਦ ਕੋਈ ਦਿੱਕਤ ਨਹੀਂ ਹੈ ਪਰ ਫ਼ਰਿਸ਼ਤਿਆਂ ਵਿਚ ਯਿਸੂ ਦੇ ਰਾਹੀਂ ਮਿਲਾਪ ਲੱਭਣ ਦੀ ਲੋੜ ਕਿੰਨ੍ਹਾਂ ਨੂੰ ਹੈ? ਕੋਈ ਵੀ ਗੰਦੀ ਵਸਤ ਸੁਰਗ ਵਿਚ (ਪ੍ਰਕਾਸ਼ ਦੀ ਪੋਥੀ 21:27) ਜੋ ਕਿ ਖ਼ੁਦਾ ਦਾ ਘਰ ਹੈ, ਨਹੀਂ ਜਾ ਸਕਦੀ। ਇਸਦੇ ਇਲਾਵਾ ਇਹ ਵਿਚਾਰ ਕਿ ਯਿਸੂ ਦੇ ਮੁਕਤੀ ਦੁਆਉਣ ਦੇ ਕਾਰਜ ਦੇ ਨਾਲ ਸਹੀ ਮਿਲਾਪ ਉਨ੍ਹਾਂ ਸੁਰਗੀ ਜੀਵਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਪਾਪ ਕੀਤਾ ਹੈ ਪਾਪ ਨਾਲ ਭਰੇ ਫ਼ਰਿਸ਼ਤਿਆਂ ਦੇ ਸਬੰਧ ਵਿਚ ਪਤਰਸ ਦੀ ਗੱਲ ਦਾ ਵਿਰੋਧ ਹੋਵੇਗਾ। ਉਨ੍ਹਾਂ ਨੂੰ ਨਿਆਂ ਲਈ ਹਨੇਰੇ ਵਿਚ ਬੰਨ੍ਹ ਕੇ ਰੱਖਿਆ ਗਿਆ ਹੈ (2 ਪਤਰਸ 2:4)। ਉਹ ਸੁਰਗ ਵਿਚ ਨਹੀਂ ਹਨ ਕਿਉਂਕਿ ਉਨ੍ਹਾਂ ਨੂੰ ਆਪਣੇ ਨਿਆਂ ਦੇ ਦਿਨ ਦੀ ਉਡੀਕ ਵਿਚ ''ਨਰਕ ਵਿਚ'' (***tartarōsas***) ਅਸਲ'ਚ ''ਟਾਰਟਰਸ ਵਿਚ ਸੁੱਟ'' ਦਿੱਤਾ ਗਿਆ ਹੈ। ਇੱਥੇ ''ਨਿਆਂ'' ਦਾ ਅਨੁਵਾਦ ''ਸਜ਼ਾ'' ਸਹੀ ਹੋ ਸਕਦਾ ਹੈ ਜਿਵੇਂ ਕਿ ਮੱਤੀ 23:14 ਵਿਚ ਹੈ (ਵੇਖੋ ਮਰਕੁਸ 12:40; ਲੂਕਾ 20:47; 23:40; ਰੋਮੀਆਂ 3:8; 13:2; 1 ਤਿਮੋਥਿਉਸ 3:6; 5:12; ਯਹੂਦਾ 4)।

ਇਹ ਦਾਅਵਾ ਕਰਦੇ ਹੋਏ ਕਿ ਮੇਲ ਮਿਲਾਪ ਨੇ ''ਸਿਰਜਿਆ ਚੱਕਰ'' ਹੈ ਕਾਰਸਨ ਨੇ ਇਸ ਤੱਥ

ਨੂੰ ਨਜ਼ਰਅੰਦਾਜ਼ ਕਰ ਦਿੱਤਾ ਕਿ ਪੌਲੁਸ ਨੇ ''ਧਰਤੀ'' ਜਾਂ ''ਸੁਰਗ'' ਨਹੀਂ ਬਲਕਿ ਧਰਤੀ ''ਤੇ'' ਅਤੇ ਸੁਰਗ ''ਵਿਚ'' ਕਿਹਾ। ਮੇਲ ਉਨ੍ਹਾਂ ਲਈ ਹੈ ਜਿਹੜੇ ਜਿਹੜੇ ਧਰਤੀ ਤੇ ਅਤੇ ਸੁਰਗ ਵਿਚ ਹਨ ਨਾ ਕਿ ਧਰਤੀ ਅਤੇ ਸੁਰਗ ਦੇ ਲਈ। ਧਰਤੀ ਅਤੇ ਆਕਾਸ਼ ਟਲ ਜਾਣਗੇ (ਮੱਤੀ 24:35) ਅਤੇ ਸੜ ਜਾਣਗੇ (2 ਪਤਰਸ 3:10–12)। ਆਦਮ ਅਤੇ ਹੱਵ੍ਹਾ ਦੇ ਪਾਪ ਦੇ ਕਾਰਣ ਧਰਤੀ ਨੂੰ ਦਿੱਤੇ ਗਏ ਸਰਾਪ (ਉਤਪਤ 3:17) ਨੂੰ ਯਿਸੂ ਨਹੀਂ ਮਿਲਾਵੇਗਾ।

ਕਾਰਸਨ ਨੇ ਲਿਖਿਆ ਕਿ ਪੌਲੁਸ ਨੇ ''ਧਰਤੀ ਹੇਠਲੀਆਂ'' ਵਰਤੋਂ ਨਹੀਂ ਕੀਤੀ ਜਿਵੇਂ ਉਸਨੇ ਫ਼ਿਲਿੱਪੀਆਂ 2:10 ਵਿਚ ਕਿਹਾ। ''ਧਰਤੀ ਹੇਠਲੀਆਂ'' ਦਾ ਅਰਥ ਬੁਰੀਆਂ ਸ਼ਕਤੀਆਂ ਹਨ। ਜੇ ਉਹ ਇਨ੍ਹਾਂ ਨੂੰ ਸ਼ਾਮਿਲ ਕਰ ਲੈਂਦਾ ਤਾਂ ਪੌਲੁਸ ਇਹ ਸਿਖਾ ਰਿਹਾ ਹੁੰਦਾ ਕਿ ਯਿਸੂ ਨੇ ਸ਼ੈਤਾਨ, ਉਸ ਦੀ ਬਦਰੂਹ ਵਾਲੇ ਦੂਤਾਂ ਅਤੇ ਸਭ ਭੈੜੇ ਕੰਮ ਕਰਨ ਵਾਲਿਆਂ ਲਈ ਮੇਲ ਮਿਲਾਪ ਮੁਹੱਈਆ ਕਰਵਾ ਦਿੱਤਾ ਹੈ।

ਇਕ ਮੁਮਕਿਨ ਲੱਗਣ ਵਾਲੀ ਉਲਝਣ ਇਹ ਹੈ ਕਿ ਪੌਲੁਸ ਦੇ ਕਹਿਣ ਦਾ ਅਰਥ ਸੀ ਕਿ ਯਿਸੂ ਦੇ ਸਲੀਬ ਦਿੱਤੇ ਜਾਣ ਤੋਂ ਪਹਿਲਾਂ ਮਰ ਜਾਣ ਵਾਲਿਆਂ ਦੇ ਨਾਲ ਨਾਲ ਧਰਤੀ ਉਤਲੇ ਲੋਕਾਂ ਲਈ ਮਿਲਾਪ ਮੁਮਕਿਨ ਬਣਾਇਆ। ਆਪਣੇ ਜੀਵਨਕਾਲ ਵਿਚ ਇਨ੍ਹਾਂ ਲੋਕਾਂ ਨੇ ਖ਼ੁਦਾ ਦੀ ਇੱਛਾ ਪੂਰੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਯਿਸੂ ਦੀ ਮੌਤ ਦੇ ਰਾਹੀਂ ਮਿਲਾਪ ਮੁਮਕਿਨ ਬਣਾਏ ਜਾਣ ਤੋਂ ਪਹਿਲਾਂ ਵੀ ਉਹ ਮਰ ਗਏ, ਧਰਤੀ ਦੇ ਬਾਹਰੀ ਖੇਤਰ, ਪਤਾਲ ਦੇ ਸੰਸਾਰ ਵਿਚ ਸੁਰਗੀ ਖੇਤਰ ਵਿਚ ਸਨ। ਉਨ੍ਹਾਂ ਦੇ ਬਲਿਦਾਨ ਦੇ ਰਾਹੀਂ ਉਨ੍ਹਾਂ ਨੂੰ ਖ਼ੁਦਾ ਨਾਲ ਮਿਲਾਇਆ ਗਿਆ ਹੈ (ਵੇਖੋ ਰੋਮੀਆਂ 3:25; ਇਬਰਾਨੀਆਂ 9:15)। ਜਿਵੇਂ ਪਤਰਸ ਨੇ ਪੌਲੁਸ ਦੇ ਲਈ ਆਖਿਆ (ਰਸੂਲਾਂ ਦੇ ਕੰਮ 2:34), ਇਹ ਲੋਕ ਸੁਰਗ ਵਿਚ ਅਜੇ ਖ਼ੁਦਾ ਦੇ ਨਾਲ ਨਹੀਂ ਹਨ। ਪਰ ਉਹ ਧਰਤੀ ਦੇ ਖੇਤਰ ਤੋਂ ਬਾਹਰ ਹਨ ਇਸ ਲਈ ਉਨ੍ਹਾਂ ਨੂੰ ਅਕਾਸ਼ ਵਿਚ ਹੋਣ ਦੀ ਗੱਲ ਕੀਤੀ ਜਾ ਸਕਦੀ ਹੈ (ਅਫ਼ਸੀਆਂ 6:12)।

ਧਰਤੀ ਉਤੇ ਦੇ ਲੋਕਾਂ ਦੇ ਲਈ *epi* ''ਉੱਤੇ'' ਅਤੇ ਸੁਰਗ ਵਿਚ ਲੋਕਾਂ ਦੇ ਲਈ *en* (''ਵਿਚ'') ਦੋ ਵੱਖੋ ਵੱਖ ਯੂਨਾਨੀ ਉਪਸਰਗਾਂ ਦੀ ਵਰਤੋਂ ਕਰਕੇ ਪੌਲੁਸ ਮਾਹੌਲ ਵਿਚ ਫ਼ਰਕ ਕਰ ਰਿਹਾ ਹੋਵੇਗਾ। ਪੌਲੁਸ ਧਰਤੀ ਦੇ ਮਿਲਾਏ ਜਾਣ ਦੀ ਗੱਲ ਨਹੀਂ ਕਰ ਰਿਹਾ ਬਲਕਿ ''ਧਰਤੀ ਉੱਤੇ'' ਰਹਿਣ ਵਾਲੇ ਲੋਕਾਂ ਦੀ ਗੱਲ ਕਰ ਰਿਹਾ ਸੀ। ਉਸ ਦੇ ਕਹਿਣ ਤੋਂ ਭਾਵ ਸੁਰਗ ਨਹੀਂ ਬਲਕਿ ਸੁਰਗ ਦੇ ਲੋਕ ਹਨ, ਭਾਵ ਪਤਾਲ ਲੋਕ ਦੇ ਵਾਸੀ, ਧਰਤੀ ਦੇ ਖੇਤਰ ਤੋਂ ਬਾਹਰ ਦੀ ਥਾਂ ਪਰ ਉਹ ਸੁਰਗੀ ਖੇਤਰ ਨਹੀਂ ਜਿੱਥੇ ਖ਼ੁਦਾ ਰਹਿੰਦਾ ਹੈ।

ਕੁਝ ਵਿਦਵਾਨ ਆਇਤਾਂ 15 ਤੋਂ 20 ਨੂੰ ਯਿਸੂ ਦੇ ਸਬੰਧਿਤ ''ਜ਼ਬੂਰ'' ਮੰਨਦੇ ਹਨ, ਪਰ ਇਸਦੇ ਪ੍ਰਬੰਧ ਤੇ ਉਨ੍ਹਾਂ ਵਿਚ ਬਹੁਤ ਫ਼ਰਕ ਹੈ। ਇਹ ਜ਼ਬੂਰ ਦਾ ਕੰਮ ਕਰਦਾ ਹੈ ਜਾਂ ਨਹੀਂ ਇਸ ਭਾਗ ਨੇ ਪੌਲੁਸ ਦੀ ਅਗਲੀ ਟਿੱਪਣੀਆਂ ਦੇ ਲਈ ਅਧਾਰ ਬਣਾ ਦਿੱਤਾ।

ਹੇਅ ਨੇ ਯਿਸੂ ਦੇ ਮਹਾਨ ਗੁਣਾਂ ਦੇ ਮਹੱਤਵ ਨੂੰ ਸਮਝਾਇਆ:

> ਨਮੂਨੇ ਦੇ ਰੂਪ ਵਿਚ ਪੁੱਤਰ ਦਾ ਵਰਣਨ (15) ਮਸੀਹੀ ਲੋਕਾਂ ਦੇ ਆਪਣੇ ਸਿਰਜਣਹਾਰ ਦੇ ਨਮੂਨੇ ਨੂੰ ਪਛਾਣਨ ਦੀ ਗੱਲ ਲਈ ਤਿਆਰ ਕਰਦਾ ਹੈ (3:10, 11)। ਇਸ ਦਾਅਵੇ ਨੂੰ ਕਿ ਉਹ ਕਲੀਸੀਆ ਦਾ ਸਿਰ ਹੈ (1:18) 2:10, 19 ਵਿਚ ਹੋਰ ਵੇਰਵੇ ਨਾਲ ਸਮਝਾਇਆ ਗਿਆ ਹੈ। ਇਹ ਗੱਲ ਕਿ ਪੁੱਤਰ ਹਰ ਗੱਲ ਵਿਚ ਪ੍ਰਮੁੱਖ ਹੈ (1:18) ਇਸ ਦੇ ਨਾਲ ਦੀਆਂ 1:28; 2:3, 6–7, 17, 19; 3:3, 11; 4:1 ਵਿਚਲੀਆਂ ਚਿਤਾਵਨੀਆਂ ਲਈ ਤਿਆਰ ਕਰਦਾ ਹੈ। ਨਿਸਤਾਰੇ ਦੇ ਸਰੋਤ ਦੇ ਰੂਪ ਵਿਚ ਮਸੀਹ ਦੀ ਮੌਤ ਦਾ ਦਾਅਵਾ 1:20 ਨੂੰ 1:14, 22; 2:11–15 ਨਾਲ ਅਤੇ 3:13 ਨਾਲ ਜੋੜਦਾ ਹੈ। ਇਹ ਵਿਚਾਰ ਕਿ ਕਲੀਸੀਆ ਮਸੀਹ ਦੀ ਦੇਹ ਹੈ 1:24 ਅਤੇ 2:19 ਵਿਚ ਮਿਲਦਾ ਹੈ। ਮਸੀਹ ਦੇ ਨਾਲ ਮਰਨ ਅਤੇ ਜੀ

ਉੱਠਣ ਦੇ ਦਾਅਵੇ (2:12–13, 20; 3:1, 5) ''ਮੁਰਦਿਆਂ ਵਿੱਚੋਂ ਜੇਠਾ'' ਦਾ ਅਰਥ ਸਾਫ਼ ਕਰਦੇ ਹਨ (1:18)। 1:16 ਵਿਚ ਸੁਰਗੀ ਸ਼ਕਤੀਆਂ ਦਾ ਹਵਾਲਾ 2:8, 15, 18 ਅਤੇ 20 ਵਿਚ ਅਲੌਕਿਕ ਜੀਵਾਂ ਦੇ ਹਵਾਲੇ ਵਿਚ ਸੁਣਾਈ ਦਿੰਦਾ ਹੈ। 1:15–20 ਵਿਚ ਜ਼ੋਰ ਦਿੱਤਾ ਗਿਆ ਪੁੱਤਰ ਦਾ ਵਿਸ਼ਵਵਿਆਪੀ ਮਹੱਤਵ ਇਸ ਗੱਲ ਨੂੰ ਸਮਝਾਉਂਦਾ ਹੈ ਕਿ ਇੰਜੀਲ ਦਾ ਹਰ ਥਾਂ ਪ੍ਰਚਾਰ ਕਿਉਂ ਕੀਤਾ ਜਾਣਾ ਜ਼ਰੂਰੀ ਹੈ (1:6, 23, 27–28; 3:11; 4:3–6)। ਅਖ਼ੀਰ ਵਿਚ ਪੁੱਤਰ ਦੇ ਰਾਹੀਂ ਖ਼ੁਦਾ ਦੀ ਸਰਿਸ਼ਟ ਦੇ ਰੂਪ ਵਿਚ ਜ਼ਬੂਰ ਦਾ ਸੰਸਾਰ ਦਾ ਸਕਾਰਾਤਮਕ ਵਿਚਾਰ 2:16–23 ਵਿਚ ਝੂਠੀ ਸਿੱਖਿਆ ਦੇਣ ਅਤੇ 3:5–4:6 ਵਿਚ ਸੰਸਾਰ ਵਿਚ ਜੀਣ ਦੀ ਸਕਾਰਾਤਮਕ ਸਿੱਖਿਆ ਤੇ ਵਿਵਾਦ ਵਿਰੋਧ ਦਾ ਜ਼ਿੰਮਾ ਲੈਂਦਾ ਹੈ।[24]

## ਪ੍ਰਸੰਗਿਕਤਾ

**ਮਸੀਹ ਦੀ ਮਹਾਨਤਾ (1:15-19)**

ਪੌਲੁਸ ਨੇ ਮਸੀਹ ਦੇ ਇਖ਼ਤਿਆਰ ਅਤੇ ਸਰਿਸ਼ਟ ਦੱਸਦੇ ਹੋਏ ਉਸਦੀ ਮਹਿਮਾ ਦਾ ਵਰਣਨ ਕੀਤਾ। ਉਸ ਨੇ ਇਹ ਜਾਣਕਾਰੀ ਕੁਲੁੱਸੇ ਦੇ ਲੋਕਾਂ ਨੂੰ ਮਸੀਹ ਦੇ ਵਫ਼ਾਦਾਰ ਬਣਨ ਦੇ ਲਈ ਉਤਸ਼ਾਹ ਦੇਣ ਦੇ ਲਈ ਦਿੱਤੀ। ਮਸੀਹ ਦੀ ਮਹਾਨਤਾ ਦੀ ਚਰਚਾ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ: ਉਹ ਜਿਸ ਵਰਗਾ ਹੈ, ਜੋ ਉਸ ਨੇ ਕੀ ਕੀਤਾ ਹੈ ਅਤੇ ਜੋ ਕਰ ਰਿਹਾ ਹੈ, ਉਸ ਦਾ ਰੁਤਬਾ ਅਤੇ ਇਖ਼ਤਿਆਰ ਦੀ ਉਸਦੀ ਪਹਿਲੀ ਥਾਂ।

(1) *ਮਸੀਹ ਕਿਹੋ ਜਿਹਾ ਹੈ।* ਉਹ ਖ਼ੁਦਾ ਦਾ ਰੂਪ ਹੈ (ਵੇਖੋ 2 ਕੁਰਿੰਥੀਆਂ 4:4)। ਯਿਸੂ ਇਸ ਸੰਸਾਰ ਵਿਚ ਪਿਤਾ ਦੇ ਜਲਾਲ ਨੂੰ ਵਿਖਾਉਣ ਲਈ ਅਤੇ ਇਹ ਪਰਗਟ ਕਰਨ ਲਈ ਆਇਆ ਕਿ ਖ਼ੁਦਾ ਕਿਹੋ ਜਿਹਾ ਹੈ (ਯੂਹੰਨਾ 1:14, 18)। ਉਸਨੇ ਰਸੂਲਾਂ ਨੂੰ ਦੱਸਿਆ ਕਿ ਜਿਹ ਨੇ ਉਹ ਨੂੰ ਵੇਖਿਆ ਹੈ ਉਸ ਨੇ ਪਿਤਾ ਨੂੰ ਵੀ ਵੇਖਿਆ ਹੈ (ਯੂਹੰਨਾ 12:45; 14:9)। ਇਹ ਇਸ ਕਰਕੇ ਹੈ ਕਿਉਂਕਿ ਯਿਸੂ ਪਿਤਾ ਵਿਚ ਹੈ ਅਤੇ ਪਿਤਾ ਯਿਸੂ ਵਿਚ ਹੈ (ਯੂਹੰਨਾ 10:38; 14:10, 11; 17:21)।

ਖ਼ੁਦਾ ਨੂੰ ਕਦੇ ਵੀ ਕਿਸੇ ਨੇ ਨਹੀਂ ਵੇਖਿਆ (ਯੂਹੰਨਾ 1:18), ਕਿਉਂ ਜੋ ''ਉਹ ਅਣਪੁੱਜ ਜੋਤ ਵਿਚ ਵੱਸਦਾ ਹੈ ਅਤੇ ਮਨੁੱਖਾਂ ਵਿੱਚੋਂ ਕਿਨੇ ਉਸ ਨੂੰ ਨਹੀਂ ਵੇਖਿਆ'' (1 ਤਿਮੋਥਿਉਸ 6:16)। ਖ਼ੁਦਾ ਨੂੰ ਵੇਖਿਆ ਨਹੀਂ ਜਾ ਸਕਦਾ, ਇਸ ਕਰਕੇ ਉਸ ਨੇ ਯਿਸੂ ਦੇ ਰਾਹੀਂ ਜਿਹੜਾ ਹਰ ਗੱਲ ਵਿਚ ਪਿਤਾ ਜਿਹਾ ਹੈ, ਆਪਣੇ ਆਪ ਨੂੰ ਵਿਖਾਇਆ ਹੈ (ਇਬਰਾਨੀਆਂ 1:3)।

ਖ਼ੁਦਾ ਨੇ ਆਪਣੇ ਆਪ ਨੂੰ ਆਪਣੀ ਸਰਿਸ਼ਟ ਦੇ ਰਾਹੀਂ ਜਿਹੜੀ ਉਸਦੀ ਸਮਰੱਥਾ ਅਤੇ ਵਡਿਆਈ ਨੂੰ ਵਿਖਾਦੀ ਹੈ, ਪਰਗਟ ਕੀਤਾ ਹੈ (ਜ਼ਬੂਰ 19:1; ਰੋਮੀਆਂ 1:20)। ਪਰ ਸਿਰਫ਼ ਇਸੇ ਤੋਂ ਉਸ ਦੇ ਪੂਰੇ ਸੁਭਾਅ ਦਾ ਪਤਾ ਨਹੀਂ ਚਲ ਜਾਂਦਾ। ਖ਼ੁਦਾ ਦੀ ਬਨਾਵਟ ਦੇ ਬਾਰੇ ਅਸੀਂ ਯਿਸੂ ਦੀ ਬਨਾਵਟ ਤੇ ਗਹਿਰਾਈ ਨਾਲ ਸਮਝ ਕੇ ਜਾਣ ਸਕਦੇ ਹਾਂ।

ਖ਼ੁਦਾ ਨੂੰ ਜਾਣਨਾ ਸਾਡੇ ਲਈ ਸਭ ਤੋਂ ਮਹੱਤਵਪੂਰਣ ਗਿਆਨ ਹੈ। ਸਾਨੂੰ ਹਮੇਸ਼ਾ ਦੀ ਜ਼ਿੰਦਗੀ ਸਾਡੇ ਉਸ ਨੂੰ ਜਾਣਨ ਨਾਲ ਹੀ ਮਿਲਦੀ ਹੈ (ਯੂਹੰਨਾ 17:3)। ਉਸ ਨੂੰ ਜਾਣਨ ਨਾਲ ਸਾਨੂੰ ਉਸ ਦੀ ਗੱਲ ਮੰਨਣ ਲਈ ਪ੍ਰੇਰਣਾ ਮਿਲਦੀ ਹੈ ਅਤੇ ਪਾਪ ਕਰਨ ਤੋਂ ਬਚਦੇ ਹਾਂ (1 ਯੂਹੰਨਾ 2:3–5; 3:6)। ਮਨੁੱਖੀ ਹੋਂਦ ਦੀ ਸਚਿਆਈ ਖ਼ੁਦਾ ਨੂੰ ਜਾਣਨ ਨਾਲ ਮਿਲਦੀ ਹੈ (ਯਿਰਮਿਯਾਹ 9:23, 24)। ਯਿਸੂ ਵਿਚ ਖ਼ੁਦਾ ਦਾ ਸੁਭਾਅ ਹੈ ਇਸ ਲਈ ਸਾਨੂੰ ਉਸ ਨੂੰ ਉਹੀ ਆਦਰ ਦੇਣਾ ਚਾਹੀਦਾ ਹੈ ਜਿਹੜਾ ਅਸੀਂ ਪਿਤਾ ਨੂੰ ਦਿੰਦੇ ਹਾਂ (ਯੂਹੰਨਾ 5:23)।

(2) *ਜੋ ਯਿਸੂ ਨੇ ਕੀ ਕੀਤਾ ਹੈ ਅਤੇ ਜੋ ਉਹ ਕਰ ਰਿਹਾ ਹੈ।* ਸਾਰੀਆਂ ਵਸਤਾਂ ਦਾ ਰਚਣਹਾਰਾ ਹੋਣ ਦੇ ਕਾਰਣ ਯਿਸੂ ਨੂੰ ਭੈ ਦਾਇਕ ਢੰਗ ਨਾਲ ਮੰਨਣਾ ਜ਼ਰੂਰੀ ਹੈ। ਉਹ ਪਿਤਾ ਦੇ ਨਾਲ ਆਦਿ ਵਿਚ

ਹੈ ਅਤੇ ਉਸ ਵਿਚ ਪਿਤਾ ਦਾ ਇਲਾਹੀ ਸੁਭਾਅ ਹੈ। ਯੂਹੰਨਾ ਨੇ ਇੰਜੀਲ ਦੇ ਆਪਣੇ ਵਿਰਤਾਂਤ ਦੀ ਸ਼ੁਰੂਆਤ ਇਹ ਪਰਗਟ ਕਰਦੇ ਹੋਏ ਕੀਤੀ ਕਿ ਯਿਸੂ ਨੇ ਹਰ ਵਸਤੂ ਨੂੰ ਰਚਿਆ ਹੈ।

ਇਹ ਕਹਿ ਕੇ ਕਿ ਉਹ ਸਰਿਸ਼ਟ ਦਾ ਆਰੰਭ ਸੀ (ਆਇਤ 18), ਪੌਲੁਸ ਇਹ ਨਹੀਂ ਲਿਖ ਰਿਹਾ ਸੀ ਕਿ ਯਿਸੂ ਨੂੰ ਰਚਿਆ ਗਿਆ ਸੀ ਬਲਕਿ ਉਹ ਇਹ ਦੱਸ ਰਿਹਾ ਸੀ ਕਿ ਉਹ ਉਹੀ ਸੀ ਜਿਸ ਨੇ ਆਰੰਭ ਦਾ ਆਰੰਭ ਕੀਤਾ। ਉਹ ਸਰਿਸ਼ਟ ਦਾ ਸਰੋਤ, ਆਰੰਭ ਹੈ। ਯਿਸੂ ਆਰੰਭ ਵਿਚ ਰਚਿਆ ਗਿਆ ਸਭ ਤੋਂ ਪਹਿਲਾ ਨਹੀਂ ਸੀ। ਉਹ ਸਭ ਕਾਸੇ ਤੋਂ ਪਹਿਲਾ ਹੈ, ਇਸ ਕਰਕੇ ਸਾਰੀਆਂ ਵਸਤਾਂ ਓਸੇ ਨੇ ਰਚੀਆਂ ਅਤੇ ਆਰੰਭ ਦੇ ਸਮੇਂ ਉਹ ਪਿਤਾ ਦੇ ਨਾਲ ਸੀ।

ਉਹ ਆਪਣੀ ਸਮਰੱਥਾ ਦੇ ਵਚਨ ਨਾਲ ਸਭ ਵਸਤਾਂ ਨੂੰ ਬਣਾਈ ਰੱਖਦਾ ਹੈ (ਇਬਰਾਨੀਆਂ 1:3)। ਉਹੀ ਵਚਨ ਜਿਸ ਦੇ ਰਾਹੀਂ ਸਾਰੀਆਂ ਵਸਤਾਂ ਨੂੰ ਰਚਿਆ (ਇਬਰਾਨੀਆਂ 11:3) ਹੈ ਜਿਸ ਦੇ ਰਾਹੀਂ ਉਹ ਸਭ ਵਸਤਾਂ ਨੂੰ ਬਣਾਈ ਰੱਖਦਾ ਹੈ। ਉਸਦਾ ਵਚਨ ਅਜੋਕੇ ਸੰਸਾਰ ਨੂੰ ਇਸ ਦੇ ਨਾਸ ਦੇ ਦਿਨ ਤਕ ਸੰਭਾਲੀ ਰੱਖਦਾ ਹੈ (2 ਪਤਰਸ 3:5–7)।

ਯਿਸੂ ਨੇ ਆਪਣੇ ਵਚਨ ਦੇ ਨਾਲ ਸਾਰੀਆਂ ਵਸਤਾਂ ਦੀ ਸਰਿਸ਼ਟੀ ਕਰਕੇ (ਇਬਰਾਨੀਆਂ 4:12) ਇਸ ਦੀ ਸਮਰੱਥਾ ਨੂੰ ਵਿਖਾਲ ਦਿੱਤਾ ਹੈ। ਇਸੇ ਦੇ ਅਧਾਰ ਤੇ ਅਸੀਂ ਉਸਦੇ ਵਚਨ ਤੇ ਭਰੋਸਾ ਰੱਖ ਸਕਦੇ ਹਾਂ। ਓਹ ਉਹੀ ਕੁਝ ਕਰ ਸਕਦਾ ਹੈ, ਜਿਹੜਾ ਉਸ ਨੇ ਕਿਹਾ ਹੈ ਕਿ ਉਹ ਕਰੇਗਾ। ਉਸ ਦੇ ਵਚਨ ਦੇ ਰਾਹੀਂ ਸਾਨੂੰ ਮੁਕਤੀ ਮਿਲ ਸਕਦੀ ਹੈ (ਯਾਕੂਬ 1:21) ਅਤੇ ਉਹ ਸਾਰੀਆਂ ਬਰਕਤਾਂ ਮਿਲ ਸਕਦੀਆਂ ਹਨ ਜੋ ਬਚਾਏ ਜਾਣ ਦੇ ਰਾਹੀਂ ਮਿਲਦੀਆਂ ਹਨ।

(3) *ਯਿਸੂ ਦਾ ਰੁਤਬਾ।* ਸਾਰੀਆਂ ਵਸਤਾਂ ਓਸੇ ਦੇ ਰਾਹੀਂ ਰਚੀਆਂ ਗਈਆਂ ਹਨ। ਪੌਲੁਸ ਮਸੀਹ ਦੇ ਉੱਚਾ ਕੀਤੇ ਜਾਣ ਦਾ ਚਾਹਵਾਨ ਸੀ, ਜਿਸ ਦੀ ਯੋਜਨਾ ਸੰਸਾਰ ਦੇ ਰਚੇ ਜਾਣ ਤੋਂ ਪਹਿਲਾਂ ਬਣਾਈ ਗਈ ਸੀ (ਰਸੂਲਾਂ ਦੇ ਕੰਮ 2:23; ਅਫ਼ਸੀਆਂ 1:4; 1 ਪਤਰਸ 1:19, 20)। ਯਿਸੂ ਨੂੰ ਇਸ ਘਟਨਾ ਦੇ ਰਾਹੀਂ ਮਹਿਮਾ ਦਿੱਤੀ ਜਾਣੀ ਸੀ। ਉਸ ਦਾ ਹੋਰ ਸਭ ਨਾਲੋਂ ਵਧ ਕੇ ਆਦਰ ਪਾਉਣਾ ਮਨੁੱਖਾਂ ਦੇ ਬਚਾਏ ਜਾਣ ਲਈ ਉਸ ਦੀ ਮੌਤ ਦੇ ਨਾਲ ਲਿਆਂਦੇ ਜਾਣ ਲਈ ਪਹਿਲਾਂ ਤੋਂ ਹੀ ਠਹਿਰਾਇਆ ਗਿਆ ਸੀ (ਫ਼ਿਲਿੱਪੀਆਂ 2:8–11)।

ਸਾਡੀ ਹੋਂਦ ਯਿਸੂ ਦੇ ਲਈ ਹੈ ਨਾ ਕਿ ਸਾਡੇ ਆਪਣੇ ਲਈ। ਸਾਡੀਆਂ ਜ਼ਿੰਦਗੀਆਂ ਦਾ ਮਕਸਦ ਉਸ ਦੀ ਮਹਿਮਾ, ਆਦਰ, ਸੇਵਾ ਕਰਨਾ ਹੈ। ਸਾਨੂੰ ਉਸ ਦੀ ਮਹਿਮਾ ਦੇ ਲਈ ਰਚਿਆ ਗਿਆ ਸੀ। ਆਪਣੇ ਨਮੂਨੇ ਦੇ ਨਾਲ, ਓਵੇਂ ਹੀ ਰਹਿ ਕੇ ਜਿਵੇਂ ਯਿਸੂ ਰਹਿੰਦਾ ਸੀ (1 ਯੂਹੰਨਾ 2:6), ਅਸੀਂ ਦੂਜਿਆਂ ਨੂੰ ਉਸ ਦੀ ਬਨਾਵਟ ਦੀ ਖ਼ੂਬਸੂਰਤੀ ਨੂੰ ਵਿਖਾਉਂਦੇ ਹਾਂ।

ਉਹ ਸਾਰੀਆਂ ਵਸਤਾਂ ਤੋਂ ਪਹਿਲਾਂ ਸੀ। ਉਹ ਆਦਿ ਵਿਚ ਬਲਕਿ ਅਨਾਦੀਕਾਲ ਤੋਂ ਪਿਤਾ ਦੇ ਨਾਲ ਸੀ (ਮੀਕਾਹ 5:2)। ਉਹ ਧਾਰਣਾ ਦਾ ਕਿ ਕੋਈ ਜੀਵ ਆਰੰਭ ਜਾਂ ਅੰਤ ਦੇ ਬਿਨਾਂ ਹੋ ਸਕਦਾ ਹੈ ਸਾਡੀ ਸਮਝ ਤੋਂ ਬਾਹਰ ਹੈ। ਹਰ ਚੀਜ਼ ਜਿਸ ਨੂੰ ਅਸੀਂ ਵੇਖਦੇ ਹਾਂ ਨਾ ਤੇ ਉਹ ਸਦਾ ਤੋਂ ਸੀ ਅਤੇ ਨਾ ਸਦਾ ਤਕ ਰਹੇਗੀ।

ਯਿਸੂ ਸੁਰਗ ਦੇ ਅਦਿੱਖ ਖੇਤਰ ਵਿਚ ਹੈ (2 ਕੁਰਿੰਥੀਆਂ 5:1)। ਅਸੀਂ ਆਪਣੀ ਹਮੇਸ਼ਾ ਦੀ ਜ਼ਿੰਦਗੀ ਲਈ ਉਸ ਤੇ ਨਿਰਭਰ ਹੋ ਸਕਦੇ ਹਾਂ ਕਿਉਂਕਿ ਉਹ ਹਮੇਸ਼ਾ ਤੋਂ ਹੈ। ਹਮੇਸ਼ਾ ਦੀ ਜ਼ਿੰਦਗੀ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਮਸੀਹ ਵਿਚ ਹਨ (ਯੂਹੰਨਾ 3:36; 1 ਯੂਹੰਨਾ 5:11, 12)। ਬਪਤਿਸਮਾ ਲੈਣ ਤੇ ਅਸੀਂ ਉਸ ਵਿਚ ਆਉਂਦੇ ਹਾਂ (ਰੋਮੀਆਂ 6:3; ਗਲਾਤੀਆਂ 3:27)।

ਸਾਰੀ ਭਰਪੂਰੀ ਓਸੇ ਵਿਚ ਵਾਸ ਕਰਦੀ ਹੈ। ਯਿਸੂ ਹੀ ਹੈ ਜਿਹੜਾ ਆਉਣ ਵਾਲੀ ਜ਼ਿੰਦਗੀ ਦੇ ਸਕਦਾ ਹੈ ਅਤੇ ਵਰਤਮਾਨ ਵਿਚ ਬੇਹਤਰ ਜੀਵਨ ਦਿੰਦਾ ਹੈ (ਯੂਹੰਨਾ 10:10)। ਸਾਡੇ ਸੰਸਾਰ ਵਿਚ ਹਰ ਕੋਈ ਓਸੇ ਤੇ ਨਿਰਭਰ ਹੈ। ਓਸੇ ਦੇ ਕਾਰਣ ਸਾਨੂੰ ਆਪਣੀਆਂ ਜ਼ਿੰਦਗੀਆਂ ਵਿਚ ਉਸ ਦੇ

ਰਾਜ ਨੂੰ ਪਹਿਲ ਦੇ ਕੇ ਉਸ ਵਿਚ ਬਣੇ ਰਹਿ ਕੇ ਉਸ ਦੀ ਸੇਵਾ ਕਰਨੀ ਚਾਹੀਦੀ ਹੈ (ਮੱਤੀ 6:33)।

(4) *ਇਖ਼ਤਿਆਰ ਦੀ ਯਿਸੂ ਦੀ ਉੱਚਾ ਥਾਂ।* ਉਹ ਸਾਰੀ ਸਰਿਸ਼ਟ ਵਿੱਚੋਂ ਜੇਠਾ ਅਤੇ ਮੁਰਦਿਆਂ ਵਿੱਚੋਂ ਜੇਠਾ ਹੈ, ਇਸ ਲਈ ਉਹ ਹਰ ਗੱਲ ਵਿਚ ਸਭ ਤੋਂ ਪਹਿਲਾਂ ਹੈ। ਯਹੂਦੀ ਪਰਿਵਾਰ ਵਿਚ ਜੇਠੇ ਪੁੱਤਰ ਨੂੰ ਸਭ ਤੋਂ ਆਦਰਯੋਗ ਥਾਂ ਦਿੱਤਾ ਜਾਂਦੀ ਸੀ। ਮਸੀਹ ਨੂੰ ਸਿਰਜੀ ਗਈ ਹਰ ਚੀਜ਼ ਦੇ ਸਬੰਧ ਵਿਚ ਇਹ ਰੁਤਬਾ ਮਿਲਿਆ ਹੈ। ਸਿਰਫ਼ ਪਿਤਾ ਹੀ ਉਸ ਦੇ ਅਧੀਨ ਨਹੀਂ ਹੈ (1 ਕੁਰਿੰਥੀਆਂ 15:27)। ਸਾਰੇ ਸੰਸਾਰ ਨੂੰ ਉਸ ਦੇ ਅਧੀਨ ਕੀਤਾ ਗਿਆ ਹੈ।

ਭਾਵੇਂ ਉਹ ਮਰ ਗਿਆ ਸੀ ਪਰ ਉਹ ਹੁਣ ਜ਼ਿੰਦਾ ਹੈ, ਕਿਉਂਕਿ ਉਸ ਨੇ ਮੌਤ ਉੱਤੇ ਫ਼ਤਹਿ ਪਾ ਲਈ। ਉਸ ਨੂੰ ਪਹਿਲਾ ਥਾਂ ਮਿਲਣ ਦੇ ਕਾਰਣ ਉਸ ਨੂੰ ਉਨ੍ਹਾਂ ਸਾਰਿਆਂ ਨਾਲੋਂ ਉੱਚਾ ਅਹੁਦਾ ਦਿੱਤਾ ਗਿਆ ਹੈ ਜਿਹੜੇ ਮਰ ਗਏ ਹਨ। ਪੌਲੁਸ ਨੇ ਇਸ ਸਚਿਆਈ ਨੂੰ ਦੱਸਿਆ ਕਿ ਉਹ ਜੀ ਉੱਠਿਆ ਅਤੇ ਉਤਾਹਾਂ ਚੁੱਕੇ ਜਾਣ ਦੇ ਕਾਰਣ ਉਸ ਨੂੰ ਹਰ ਕਿਸੇ ਤੋਂ ਉੱਚਾ ਕੀਤਾ ਗਿਆ ਹੈ ਅਤੇ ਹਰ ਕਿਸੇ ਨੂੰ ਉਹਦੇ ਕਦਮਾਂ ਦੇ ਹੇਠ ਕੀਤਾ ਗਿਆ ਹੈ।

ਮੌਤ ਉਸ ਨੂੰ ਆਪਣੇ ਕਬਜ਼ੇ ਵਿਚ ਨਹੀਂ ਰੱਖ ਸਕੀ (ਰਸੂਲਾਂ ਦੇ ਕੰਮ 2:24)। ਉਸ ਕੋਲ ਆਪਣਾ ਜੀਵਨ ਦੇਣ ਦੀ ਸ਼ਕਤੀ ਅਤੇ ਫਿਰ ਲੈ ਲੈਣ ਦੀ ਸ਼ਕਤੀ ਸੀ (ਯੂਹੰਨਾ 10:18)। ਆਪਣੇ ਜੀ ਉੱਠਣ ਦੇ ਰਾਹੀਂ ਉਸ ਨੇ ਸਾਨੂੰ ਭਰੋਸਾ ਦੁਆਇਆ ਕਿ ਉਸ ਕੋਲ ਮੁਰਦਿਆਂ ਨੂੰ ਜ਼ਿੰਦਾ ਕਰਨ ਦੀ ਸ਼ਕਤੀ ਹੈ।

ਯਿਸੂ ਦੇ ਇਖ਼ਤਿਆਰ ਦੇ ਨਾਲ ਕੋਈ ਮਨੁੱਖੀ ਇਖ਼ਤਿਆਰ ਮੁਕਾਬਲਾ ਨਹੀਂ ਕਰ ਸਕਦਾ। ਸਾਨੂੰ ਆਪਣੇ ਪ੍ਰਭੂ ਅਤੇ ਮਾਲਿਕ ਦੇ ਰੂਪ ਵਿਚ ਉਸ ਦਾ ਆਦਰ ਕਰਨਾ ਅਤੇ ਉਸ ਦੀ ਗੱਲ ਮੰਨਣੀ ਚਾਹੀਦੀ ਹੈ। ਕਿਉਂਕਿ ਕੋਈ ਫ਼ਰਿਸ਼ਤਾ ਜਾਂ ਮਨੁੱਖੀ ਜੀਵ ਯਿਸੂ ਦਾ ਮੁਕਾਬਲਾ ਨਹੀਂ ਕਰ ਸਕਦਾ। ਜੇ ਕੋਈ ਅਜਿਹੀ ਗੱਲ ਸਿਖਾਉਂਦਾ ਹੈ ਕਿ ਮਸੀਹ ਦੇ ਉਸ ਦੀ ਪ੍ਰੇਰਣਾ ਪਾਏ ਪ੍ਰਚਾਰਕਾਂ ਦੇ ਰਾਹੀਂ ਦਿੱਤੇ ਗਏ ਮੁਕਾਸ਼ਫ਼ੇ ਨਾਲੋਂ ਫ਼ਰਕ ਹੋਵੇ, ਤਾਂ ਉਸ ਮਨੁੱਖ ਉੱਤੇ ਸੁਰਗ ਦਾ ਸਰਾਪ ਪਵੇਗਾ (ਗਲਾਤੀਆਂ 1:8, 9)।

ਮਸੀਹ ਦੇਹ ਅਰਥਾਤ ਕਲੀਸੀਆ ਦਾ ਸਿਰ ਹੈ। ਜੋ ਉਹ ਹੈ ਉਸ ਦੇ ਕਾਰਣ ਕਲੀਸੀਆ ਲਈ ਸਿਰ ਦੇ ਰੂਪ ਵਿਚ ਉਸ ਦਾ ਆਦਰ ਕਰਨਾ ਚਾਹੀਦਾ ਹੈ। ਮਨੁੱਖੀ ਦੇਹ ਦੇ ਨਾਲ ਮਨੁੱਖੀ ਸਿਰ ਦਾ ਸਬੰਧ ਯਿਸੂ ਅਤੇ ਕਲੀਸੀਆ ਦੇ ਵਿਚ ਪਾਏ ਜਾਣ ਵਾਲੇ ਸਬੰਧਾਂ ਨੂੰ ਵਿਖਾਉਂਦਾ ਹੈ। ਅਸੀਂ ਜਿਹੜੇ ਮਸੀਹ ਦੀ ਦੇਹ ਅਰਥਾਤ ਉਸ ਦੀ ਕਲੀਸੀਆ ਦੇ ਅੰਗ ਹਾਂ, ਸਾਨੂੰ ਆਪਣੇ ਰੂਹਾਨੀ ਸਿਰ ਦੇ ਰੂਪ ਵਿਚ ਆਪਣੇ ਆਪ ਨੂੰ ਉਸ ਨੂੰ ਅਰਪਣ ਕਰ ਦੇਣਾ ਚਾਹੀਦਾ ਹੈ (ਅਫ਼ਸੀਆਂ 5:24)। ਸਾਨੂੰ ਕਿਸੇ ਵੀ ਹੋਰ ਮਨੁੱਖ ਜਾਂ ਜਮਾਤ ਨੂੰ ਆਦਰ ਵਿਖਾਉਣ ਦਾ ਕੋਈ ਇਖ਼ਤਿਆਰ ਨਹੀਂ ਹੈ ਜਿਹੜਾ ਅਸੀਂ ਯਿਸੂ ਦੇ ਲਈ ਵਿਖਾਉਂਦੇ ਹਾਂ। ਸਾਡੇ ਉੱਤੇ ਸਿਰ ਦੇ ਰੂਪ ਵਿਚ ਸਿਰਫ਼ ਯਿਸੂ ਨੂੰ ਹੀ ਮੰਨਣਾ ਚਾਹੀਦਾ ਹੈ।

ਸੰਖੇਪ ਵਿਚ, ਮਸੀਹ ਖ਼ੁਦਾ ਦਾ ਰੂਪ ਹੈ, ਜਿਸ ਦੇ ਰਾਹੀਂ ਅਤੇ ਜਿਸ ਦੇ ਲਈ ਸਾਰੀਆਂ ਵਸਤਾਂ ਦੀ ਸਰਿਸ਼ਟ ਹੋਈ, ਅਤੇ ਉਹ ਇਖ਼ਤਿਆਰ ਦੇ ਉੱਚੇ ਅਹੁਦੇ ਤੇ ਬਣਿਆ ਹੋਇਆ ਹੈ। ਇਸ ਦੇ ਕਾਰਣ ਸਾਨੂੰ ਉਹਦਾ ਆਦਰ ਕਰਨਾ, ਉਹ ਨੂੰ ਜਾਣਨਾ, ਅਤੇ ਉਸ ਦੀ ਸ਼ਕਤੀ ਵਿਚ ਭਰੋਸਾ ਰੱਖਣਾ ਚਾਹੀਦਾ ਹੈ।

**ਮਸੀਹ ਦੀਆਂ ਖ਼ੂਬੀਆਂ** (1:15, 17-19)

ਮਸੀਹੀ ਲੋਕਾਂ ਦੀ ਜ਼ਿੰਦਗੀ ਸੰਸਾਰ ਵਿਚ ਯਿਸੂ ਦੇ ਰੁਤਬੇ ਦੇ ਨੇੜੇ ਤੇੜੇ ਬਣਨੀਆਂ ਜ਼ਰੂਰੀ ਹਨ। ਇਸ ਨਾਲ ਨਾ ਸਿਰਫ਼ ਸਾਡੀ ਸੋਚ ਬਲਕਿ ਸਾਡੇ ਕੰਮ ਵੀ ਪ੍ਰਭਾਵਿਤ ਹੋਣੇ ਚਾਹੀਦੇ ਹਨ। ਜਿਹੜਾ ਯਿਸੂ ਹੈ ਉਸ ਦੇ ਕਾਰਣ ਸਾਨੂੰ ਉਸ ਵਿਚ ਪੂਰਾ ਯਕੀਨ ਹੋਣਾ ਚਾਹੀਦਾ ਹੈ। ਉਸ ਦੇ ਪ੍ਰਤੀ ਇਮਾਨਦਾਰੀ ਦੇ ਇਹ ਦਰਜਾ ਹੋਣ ਤੇ ਅਸੀਂ ਝੂਠੀ ਸਿੱਖਿਆ ਦੇਣ ਵਾਲੇ, ਤਬਾਹਕੁੰਨ ਵਿਹਾਰਾਂ (ਹਰਾਮਕਾਰੀ) ਅਤੇ ਭਟਕਾਉਣ ਵਾਲੇ ਵਿਹਾਰਾਂ ਅਰਥਾਤ ਅਜਿਹੇ ਕੰਮਾਂ ਤੋਂ ਜਿਹੜੇ ਆਪਣੇ ਆਪ ਵਿਚ ਗਲਤ ਨਹੀਂ

ਹਨ ਪਰ ਸਾਨੂੰ ਉਸ ਸੇਵਾ ਤੋਂ ਜਿਹੜੀ ਮਸੀਹ ਦੀ ਕਰਨੀ ਚਾਹੀਦੀ ਹੈ ਦੂਰ ਕਰਦੇ ਹਨ, ਬਚਾਂਗੇ।

*ਯਿਸੂ ਖ਼ੁਦਾ ਦਾ ਰੂਪ ਹੈ* (ਆਇਤ 15)। ਯਿਸੂ ਪਿਤਾ ਦੇ ਸੁਭਾਅ ਨੂੰ ਪਰਗਟ ਕਰਨ ਲਈ ਆਇਆ (ਯੂਹੰਨਾ 1:18)। ਉਸ ਨੇ ਸਮਝਾਇਆ ਕਿ ''ਜੋ ਮੈਨੂੰ ਵੇਖਦਾ ਹੈ ਸੋ ਉਹ ਨੂੰ ਵੇਖਦਾ ਹੈ ਜਿਨ ਮੈਨੂੰ ਘੱਲਿਆ'' (ਯੂਹੰਨਾ 12:45); ''ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ'' (ਯੂਹੰਨਾ 14:9)। ਇਹ ਲਿਖਣ ਦੇ ਬਾਅਦ ਕਿ ਮਸੀਹ ''ਖ਼ੁਦਾ ਦਾ ਰੂਪ'' ਹੈ ਪੌਲੁਸ ਨੇ ਇਸ ਵਿਚਾਰ ਨੂੰ ਇਹ ਕਹਿੰਦੇ ਹੋਏ ਅੱਗੇ ਵਧਾਇਆ ਕਿ ''ਪਰਮੇਸ਼ੁਰ ... ਸਾਡਿਆਂ ਮਨਾਂ ਵਿਚ ਚਮਕਿਆ ਭਈ ਪਰਮੇਸ਼ੁਰ ਦੇ ਤੇਜ ਦਾ ਗਿਆਨ ਮਸੀਹ ਦੇ ਮੁੱਖ ਵਿਚ ਪਰਕਾਸ਼ ਕਰੇ'' (2 ਕੁਰਿੰਥੀਆਂ 4:4, 6)।

ਯਿਸੂ ਸ਼ੁੱਧ, ਪਵਿੱਤਰ, ਦਿਆਲੂ, ਪ੍ਰੇਮੀ, ਅਤੇ ਰਹਿਮ ਨਾਲ ਭਰਿਆ ਸੀ। ਉਸ ਦੇ ਗੁਣ ਉਹ ਖੂਬੀਆਂ ਹਨ, ਜੋ ਮਸੀਹੀ ਲੋਕਾਂ ਨੂੰ ਆਪਣੇ ਅੰਦਰ ਲਿਆਉਣੀਆਂ ਚਾਹੀਦੀਆਂ ਹਨ। ਸਾਨੂੰ ਖ਼ੁਦਾ ਦੀਆਂ ਪਵਿੱਤਰ ਖੂਬੀਆਂ ਨੂੰ ਪਾਉਣ ਦਾ ਯਤਨ ਕਰਨਾ ਚਾਹੀਦਾ ਹੈ। ਉਸ ਨੇ ਆਪਣੇ ਆਪ ਨੂੰ ਨਮੂਨੇ ਦੇ ਰੂਪ ਵਿਚ ਦੇ ਦਿੱਤਾ ਤਾਂ ਜੋ ਅਸੀਂ ਉਸ ਦੇ ਅਨੁਸਾਰ ਚੱਲੀਏ (1 ਪਤਰਸ 1:16)। ਜਦ ਅਸੀਂ ਉਵੇਂ ਚੱਲਦੇ ਹਾਂ ਜਿਵੇਂ ਯਿਸੂ ਚੱਲਦਾ ਸੀ (1 ਯੂਹੰਨਾ 2:6), ਤਾਂ ਅਸੀਂ ਵੀ ਖ਼ੁਦਾ ਵਰਗੇ ਬਣ ਜਾਂਦੇ ਹਾਂ।

*ਯਿਸੂ ਸਰਿਸ਼ਟ ਵਿਚ ਜੇਠਾ ਹੈ* (ਆਇਤ 15)। ''ਜੇਠਾ'' ਦੇ ਰੂਪ ਵਿਚ ਯਿਸੂ ਨੂੰ ''ਭਰਾਵਾਂ ਵਿੱਚੋਂ ਜੇਠਾ'' ਹੋਣ ਦੇ ਕਾਰਣ ਖ਼ੁਦਾ ਦੇ ਪਰਿਵਾਰ ਵਿਚ ਸਭ ਤੋਂ ਉੱਚਾ ਥਾਂ ਮਿਲਿਆ ਹੈ (ਰੋਮੀਆਂ 8:29)। ਮਸੀਹੀ ਲੋਕ ''ਮਸੀਹ ਦੇ ਨਾਲ ਸਾਂਝੇ ਅਧਕਾਰੀ'' (ਰੋਮੀਆਂ 8:17)। ਯਿਸੂ ਮਨੁੱਖ ਬਣਿਆ (ਇਬਰਾਨੀਆਂ 2:14, 17) ਤਾਂ ਜੋ ਲੋਕ ਉਸ ਦੇ ਨਮੂਨੇ ਤੇ ਚੱਲ ਸਕਣ। ਸਾਨੂੰ ਉਹ *ਦੇ ਲਈ* ਜੀਣਾ ਜ਼ਰੂਰੀ ਹੈ ਤਾਂ ਜੋ ਉਸ *ਦੇ ਨਾਲ* ਰਹਿ ਸਕਣ। ਉਹ ਸਾਡਾ ਵੱਡਾ ਭਰਾ ਹੈ, ਜਿਹੜਾ ਆਪਣੇ ਭੈਣ ਭਾਈਆਂ ਦੇ ਲਈ ਆਪਣੀ ਚਿੰਤਾ ਦੇ ਕਾਰਣ, ਸਾਡੀ ਲੋੜਾਂ ਦੇ ਲਈ ਉਪਾਅ ਕਰਦਾ ਅਤੇ ਸਾਡੀ ਦੇਖਭਾਲ ਕਰਦਾ ਹੈ। ਅਸੀਂ ਉਸ ਦੀ ਭਲਾਈ, ਰਹਿਮ ਅਤੇ ਪ੍ਰੇਮ ਦੇ ਲਈ ਉਸ ਨੂੰ ਸਲਾਹੁੰਦੇ ਹੋਏ ਉਸ ਵੱਲ ਵੇਖਦੇ ਹਨ।

ਆਮ ਤੌਰ ਤੇ ਪਰਿਵਾਰ ਦੇ ਛੋਟੇ ਬੱਚੇ ਜੇਠੇ ਦਾ ਬੜਾ ਆਦਰ ਕਰਦੇ ਹਨ। ਉਸ ਦੇ ਕੋਲ ਆਮ ਤੌਰ ਤੇ ਜ਼ਿਆਦਾ ਇਖ਼ਤਿਆਰ ਅਤੇ ਵਧੇਰੇ ਅਨੁਭਵ ਹੁੰਦਾ ਹੈ। ਜਿਸ ਨਾਲ ਡੂੰਘੀ ਸਮਝ ਅਤੇ ਵਧੀਆ ਯੋਗਤਾ ਮਿਲ ਸਕਦੀ ਹੈ। ਜੇ ਉਹ ਮਹਿਮਾ ਦੇ ਆਪਣੇ ਸੁਭਾਵਿਕ ਅਹੁਦੇ ਨੂੰ ਡੂੰਘਿਆਈ ਨਾਲ ਲਵੇ ਤਾਂ ਉਹ ਆਪਣੇ ਛੋਟੇ ਭਰਾਵਾਂ ਅਤੇ ਭੈਣਾਂ ਲਈ ਆਦਰਸ਼ ਬਣ ਸਕਦਾ ਹੈ। ਆਪਣੇ ਹਰ ਮੰਨਣ ਵਾਲੇ ਤੋਂ ਯਿਸੂ ਨੂੰ ਅਜਿਹਾ ਹੀ ਆਦਰ ਮਿਲਣਾ ਚਾਹੀਦਾ ਹੈ।

*ਯਿਸੂ ਸਭ ਵਸਤਾਂ ਵਿੱਚੋਂ ਜੇਠਾ ਹੈ* (ਆਇਤ 17)। ਯਿਸੂ ਅਨਾਦੀ ਹੈ ਕਿਉਂਕਿ ਉਹ ''ਅਨਾਦੀਕਾਲ ਤੋਂ'' ਹੈ ਅਤੇ ''ਆਦਿ ਵਿਚ ਪਰਮੇਸ਼ੁਰ ਦੇ ਨਾਲ'' ''ਜਗਤ ਦੀ ਸਰਿਸ਼ਟ ਤੋਂ ਪਹਿਲਾਂ'' ਸੀ (ਮੀਕਾਹ 5:2; ਯੂਹੰਨਾ 1:2; 17:5)। ਗੁਜ਼ਰੇ ਹੋਏ ਅਨਾਦੀਕਾਲ ਤੋਂ ਪਿਤਾ ਦੇ ਨਾਲ ਉਸ ਦੇ ਹੋਣ ਦਾ ਅਰਥ ਹੈ ਕਿ ਉਸ ਨੂੰ ਪਿਤਾ ਜਿੰਨਾ ਗਿਆਨ ਹੈ। ਜੋ ਕੁਝ ਪਿਤਾ ਦਾ ਹੈ ਉਹ ਯਿਸੂ ਦਾ ਹੈ ਅਤੇ ਜੋ ਕੁਝ ਯਿਸੂ ਦਾ ਹੈ ਉਹ ਪਿਤਾ ਦਾ ਹੈ (ਯੂਹੰਨਾ 17:10)। ਇਸ ਕਾਰਣ ਮਸੀਹੀ ਲੋਕ ਭਰੋਸਾ ਕਰ ਸਕਦੇ ਹਨ ਕਿ ਹਮੇਸ਼ਾ ਦੀ ਜ਼ਿੰਦਗੀ ਦੇ ਸਬੰਧ ਵਿਚ ਮਨੁੱਖ ਜਾਤੀ ਨਾਲ ਖ਼ੁਦਾਈ ਗਿਆਨ ਦਾ ਹਰ ਪਹਿਲੂ ਉਨ੍ਹਾਂ ਨੂੰ ਪਤਾ ਹੈ (ਯੂਹੰਨਾ 12:49, 50; 17:8)।

*ਯਿਸੂ ਨੂੰ ਪਹਿਲ ਹੈ* (ਆਇਤ 18)। ਸਿਰਜਣਹਾਰਾ, ਸਾਰੀ ਸਰਿਸ਼ਟ ਵਿਚ ਜੇਠਾ, ਸਭ ਗੱਲਾਂ ਵਿਚ ਪਹਿਲਾ ਅਤੇ ਸਾਰੀਆਂ ਗੱਲਾਂ ਨੂੰ ਸੰਭਾਲੇ ਰੱਖਣ ਦੇ ਕਾਰਣ ਮਸੀਹ ਨੂੰ ਹਰ ਗੱਲ ਵਿਚ ਪਹਿਲ ਦਿੱਤੀ ਗਈ ਹੈ। ਜਿਹੜੀ ਉਹ ਹੈ ਉਸ ਦੇ ਕਾਰਣ ਉਹ ਸੰਸਾਰ ਵਿਚ ਉਸ ਦੇ ਅਹੁਦੇ ਦੇ ਕਾਰਣ ਮਸੀਹੀ ਲੋਕਾਂ ਨੂੰ ਆਪਣੇ ਜੀਵਨ ਵਿਚ ਕਿਸੇ ਦੂਜੇ ਨੂੰ ਪਹਿਲ ਨਹੀਂ ਦੇਣੀ ਹੈ। ਮਸੀਹ ਦੇ ਇਖ਼ਤਿਆਰ ਦੇ ਉੱਪਰ ਸਿਰਫ਼ ਪਿਤਾ ਦਾ ਇਖ਼ਤਿਆਰ ਹੈ (1 ਕੁਰਿੰਥੀਆਂ 15:27)। ਕੋਈ ਵੀ ਗੱਲ ਜਿਸ ਵਿਚ

ਯਿਸੂ ਨੂੰ ਸਾਰਿਆਂ ਤੋਂ ਪਹਿਲ ਦਿੱਤੀ ਜਾਂਦੀ ਹੈ ਉਸ ਦੇ ਸਹੀ ਥਾਂ ਤੋਂ ਉਸ ਨੂੰ ਹਟਾਉਣਾ ਹੈ। ਉਹ ਮਨੁੱਖ ਜਾਤੀ (ਯੂਹੰਨਾ 17:2), ਧਰਤੀ ਅਤੇ ਸੁਰਗ ਦੇ ਅਧਿਕਾਰੀਆਂ (ਅਫ਼ਸੀਆਂ 1:20, 21), ਅਤੇ ਇੱਥੋਂ ਤਕ ਕਿ ਸੁਰਗੀ ਫ਼ੌਜਾਂ (1 ਪਤਰਸ 3:22) ਤੋਂ ਵੀ ਉੱਤੇ ਹੈ।

''ਪਹਿਲ'' ਦੇ ਉਸਦੇ ਅਹੁਦੇ ਕਲੀਸੀਆ ਵਿਚ ਵੀ ਲਾਗੂ ਹੁੰਦੇ ਹਨ, ਕਿਉਂਕਿ ਉਹ ਕਲੀਸੀਆ ਦੇ ਉੱਤੇ ਸਿਰ ਹੈ (ਅਫ਼ਸੀਆਂ 1:22, 23; 5:23)। ਮਸੀਹੀ ਜੀਵਨ ਦੇ ਹਰ ਪਹਿਲੂ ਵਿਚ, ਦੇਹ ਦੇ ਅੰਗਾਂ ਦੇ ਲਈ ਯਿਸੂ ਨੂੰ ਸਿਰ ਦੇ ਰੂਪ ਵਿਚ ਵਿਖਾਉਣਾ ਜ਼ਰੂਰੀ ਹੈ। ਦੇਹ ਦੀ ਦੇਖਭਾਲ ਅਤੇ ਦਿਸ਼ਾ ਦੇ ਲਈ ਸਿਰ ਦੀ ਦੇਖਭਾਲ ਜ਼ਰੂਰੀ ਹੈ ਅਤੇ ਸਿਰ ਨੂੰ ਦੇਹ ਦੀ ਬੇਹਤਰੀ ਦੀ ਚਿੰਤਾ ਹੁੰਦੀ ਹੈ।

*ਯਿਸੂ ਵਿਚ ਆਪਣੇ ਆਪ ਵਿਚ ਸਾਰੀ ਭਰਪੂਰੀ ਹੈ* (ਆਇਤ 19)। ਸੰਸਾਰ ਅਤੇ ਸੁਰਗੀ ਜੀਵਾਂ ਸਣੇ ਸੰਸਾਰ ਦੀ ਹਰ ਲੋੜ ਯਿਸੂ ਵਿਚ ਪੂਰੀ ਹੁੰਦੀ ਹੈ। ਮਨੁੱਖੀ ਦਿਲ ਦੀ ਹਰ ਲੋੜ ਅਤੇ ਇੱਛਾਵਾਂ ਓਸੇ ਵਿਚ ਪੂਰੀਆਂ ਹੋ ਸਕਦੀਆਂ ਹਨ। ਸਾਰੀ ਭਰਪੂਰੀ ਓਸੇ ਵਿਚ ਵਾਸ ਕਰਦੀ ਹੈ ਰੂਹਾਨੀ ਹੋਵੇ ਜਾਂ ਸਰੀਰਕ ਖੇਤਰ, ਸੰਸਾਰ ਦੀ ਹਰ ਲੋੜ ਨੂੰ ਉਹੀ ਪੂਰਾ ਕਰਦਾ ਹੈ।

**ਮਸੀਹ ਦੇ ਕੰਮ (1:16-18)**

*ਯਿਸੂ ਨੇ ਆਰੰਭ ਵਿਚ ਸਾਰੀਆਂ ਵਸਤਾਂ ਨੂੰ ਸਿਰਜਿਆ* (ਆਇਤਾਂ 16, 18)। ਉਹ ਜੀਵਨ ਅਤੇ ਪਦਾਰਥ ਦਾ ਦੇਣ ਵਾਲਾ ਹੈ। ਆਰੰਭ ਵਿਚ ਸੰਸਾਰ ਦੀ ਕੋਈ ਵੀ ਚੀਜ਼ ਉਸ ਦੇ ਬਿਨਾਂ ਵਜੂਦ ਵਿਚ ਨਹੀਂ ਆਈ (ਯੂਹੰਨਾ 1:3)। ਸਿਰਜਣਹਾਰਾ ਹੋਣ ਕਰਕੇ ਉਹ ਅਜਿਹੀ ਕੋਈ ਮੂਰਤ ਨਹੀਂ ਹੈ ਜਿਸ ਨੂੰ ਮਨੁੱਖ ਉਸ ਨੂੰ ਵਿਖਾਉਣ ਦੇ ਲਈ ਬਣਾ ਸਕੇ। ਪੌਲੁਸ ਨੇ ਦਾਅਵਾ ਕੀਤਾ ਕਿ ਪਰਮੇਸ਼ੁਰ ਨਿਰਬੁੱਧ ਪਦਾਰਥ ਤੋਂ ਨਹੀਂ ਬਣ ਸਕਦਾ ਕਿਉਂਕਿ ਬੁੱਧਵਾਨ ਜੀਵਾਂ ਨੂੰ ਹੋਂਦ ਵਿਚ ਲਿਆਉਣ ਵਾਲਾ ਉਹੀ ਹੈ (ਰਸੂਲਾਂ ਦੇ ਕੰਮ 17:29)। ਰਚੀ ਗਈ ਚੀਜ਼ ਕਦੇ ਵੀ ਆਪਣੇ ਸਿਰਜਣਹਾਰ ਨਾਲੋਂ ਵਧ ਕੇ ਨਹੀਂ ਹੋ ਸਕਦੀ। ਇਸੇ ਕਾਰਣ ਮਨੁੱਖ ਜਾਤੀ ਜਿਹੜੀ ਕਿ ਸਰਿਸ਼ਟ ਹੈ, ਦੇ ਲਈ ਉਸਦੀ ਪੂਜਾ ਕਰਨ ਦੀ ਬਜਾਇ ਜਿਸ ਨੂੰ ਖ਼ੁਦਾ ਦੇ ਰਚਿਆ ਹੈ (ਰੋਮੀਆਂ 1:25) ਜਾਂ ਜੋ ਕੁਝ ਉਸਨੇ ਆਪ ਬਣਾਇਆ ਹੈ ਉਸ ਨੂੰ ਮੂਰਤ ਬਣਾ ਕੇ ਪੂਜਣ ਦੀ ਬਜਾਇ ਸਿਰਜਣਹਾਰੇ ਦੀ ਬੰਦਗੀ ਕਰਨੀ ਜ਼ਰੂਰੀ ਹੈ।

*ਉਹ ਸਭ ਵਸਤਾਂ ਨੂੰ ਬਣਾਏ ਰੱਖਦਾ ਹੈ* (ਆਇਤ 17)। ਮਕਾਨ ਨੂੰ ਖੜਾ ਰੱਖਣ ਲਈ ਜਦ ਤਕ ਉਸ ਨੂੰ ਖੜਾ ਕਰਨ ਵਾਲੀਆਂ ਚੀਜ਼ਾਂ ਨਾ ਹੋਣ ਭਾਵੇਂ ਕਿੱਲ ਹੋਣ ਜਾਂ ਕੁਝ ਹੋਰ, ਤਦ ਤਕ ਉਹ ਖੜਾ ਨਹੀਂ ਰਹਿ ਸਕੇਗਾ। ਇਹੀ ਗੱਲ ਸੰਸਾਰ ਅਤੇ ਨੇੜੇ ਤੇੜੇ ਦੀ ਦੁਨੀਆਂ ਦੇ ਲਈ ਹੈ। ਯਿਸੂ ਇਸ ਸਭ ਨੂੰ ਆਪਣੀ ਸਮਰੱਥਾ ਦੇ ਵਚਨ ਨਾਲ ਬਣਾਈ ਰੱਖਦਾ ਹੈ (ਇਬਰਾਨੀਆਂ 1:3)। ਜਿਹੜੇ ਲੋਕ ਯਿਸੂ ਦੇ ਬਿਨਾਂ ਹਨ, ਉਨ੍ਹਾਂ ਨੂੰ ਆਪਣੇ ਸੰਸਾਰ ਨੂੰ ਡਿੱਗਣ ਤੋਂ ਬਚਾਉਣ ਵਿਚ ਦਿੱਕਤ ਆਉਂਦੀ ਹੈ। ਜਿਹੜੇ ਲੋਕ ਉਸ ਦੇ ਕੋਲ ਆਉਂਦੇ ਹਨ ਉਨ੍ਹਾਂ ਨੂੰ ਅੰਦਰੂਨੀ ਸ਼ਕਤੀ ਅਤੇ ਰੂਹਾਨੀ ਅਰਾਮ ਮਿਲਦਾ ਹੈ (ਮੱਤੀ 11:28–30)।

*ਕਲੀਸੀਆ ਦਾ ਸਿਰ* (ਆਇਤ 18)। ਜ਼ਿੰਦਗੀ ਦੇ ਲਗਭਗ ਹਰ ਉੱਚ ਰੂਪ ਵਿਚ ਕੰਮ ਕਰਨ ਲਈ ਸਿਰ ਦਾ ਹੋਣਾ ਜ਼ਰੂਰੀ ਹੈ। ਸਿਰ ਸਰੀਰ ਨੂੰ ਦਿਸ਼ਾ, ਸੰਭਾਲ ਅਤੇ ਦੇਖਭਾਲ ਦਿੰਦਾ ਹੈ। ਯਿਸੂ ਕਲੀਸੀਆ ਲਈ ਇਹੀ ਕੰਮ ਕਰਦਾ ਹੈ। ਦੇਹ ਦੀ ਅਗਵਾਈ ਲਈ ਉਸ ਵੱਲ ਤੱਕਣ ਦੀ ਲੋੜ ਹੈ। ਉਹ ਵਚਨ ਦੇ ਰਾਹੀਂ ਹਦਾਇਤ ਦੇ ਕੇ ਅਤੇ ਆਤਮਾ ਦੇ ਨਾਲ ਸਹਾਇਤਾ ਦੇ ਕੇ ਕਲੀਸੀਆ ਦੀ ਹਰ ਰੂਹਾਨੀ ਲੋੜ ਲਈ ਉਪਾਅ ਕਰਦਾ ਹੈ (ਅਫ਼ਸੀਆਂ 3:16)।

ਯਿਸੂ ਦੀਆਂ ਸ਼ਾਨਦਾਰ ਖੂਬੀਆਂ ਸਾਨੂੰ ਭਰੋਸਾ ਦੁਆਉਂਦੀਆਂ ਹਨ ਕਿ ਉਸ ਦੇ ਰਾਜ ਵਿਚ ਪਹਿਲ ਦੇਣ ਵਾਲਿਆਂ ਦੀ ਲੋੜਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਵੇਗਾ (ਮੱਤੀ 6:33)।

**ਟਿੱਪਣੀਆਂ**

[1]ਐਡੁਅਰਡ ਸ਼ਵੇਜ਼ਰ, *ਦ ਲੈਟਰ ਟੂ ਦ ਕੋਲੋਸੀਅੰਜ਼: ਏ ਕਮੈਂਟਰੀ,* ਅਨੁ. ਐਂਡ੍ਰਿਊ ਚੈਸਟਰ (ਜ਼ਿਯੂਰਿਕ: ਬੇਨਜ਼ਾਈਗਰ ਵਰਲੈਗ, 1976; ਰੀਪ੍ਰਿੰਟ, ਮਿਨਿਆਪੁਲਿਸ: ਆਗਸਬਰਗ ਪਬਲੀਸ਼ਿੰਗ ਹਾਊਸ, 1982), 67–68. [2]ਵਿਲੀਅਮ ਹੈਂਡ੍ਰਿਕਸਨ, *ਐਕਸਪੋਜ਼ਿਸ਼ਨ ਆਫ਼ ਕੋਲੋਸੀਅੰਜ਼ ਐਂਡ ਫਿਲੇਮੋਨ,* ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1964), 72. [3]ਏ. ਟੀ. ਰੌਬਰਟਸਨ, *ਪੌਲ ਐਂਡ ਦ ਇੰਟਲੈਕਚੁਅਲਜ਼: ਦ ਐਪਿਸਟਲ ਟੂ ਦ ਕੋਲੋਸੀਅੰਜ਼,* ਸੋਧ ਅਤੇ ਸੰਪਾ. ਡਬਲਯੂ. ਸੀ. ਸਟ੍ਰਿਕਲੈਂਡ (ਨੈਸ਼ਵਿੱਲ: ਬ੍ਰੌਡਮੈਨ ਪ੍ਰੈੱਸ, 1959), 44. [4]ਐੱਚ. ਸੀ. ਜੀ. ਮਾਉਲ, *ਦ ਐਪਿਸਟਲਜ਼ ਟੂ ਦ ਕੋਲੋਸੀਅੰਜ਼ ਐਂਡ ਟੂ ਫਿਲੇਮੋਨ,* ਦ ਕੈਂਬ੍ਰਿਜ ਬਾਈਬਲ ਫ਼ਾਰ ਸਕੂਲਜ਼ ਐਂਡ ਕਾਲੇਜਜ਼ (ਕੈਂਬ੍ਰਿਜ: ਯੂਨੀਵਰਸਿਟੀ ਪ੍ਰੈੱਸ, 1893; ਰੀਪ੍ਰਿੰਟ, 1902), 77. [5]ਉਹੀ। [6]ਵਾਚ ਟਾਵਰ ਬਾਈਬਲ ਐਂਡ ਟ੍ਰੈਕਟ ਸੋਸਾਇਟੀ ਆਫ਼ ਪੈਲਸਿਲਵੈਨੀਆ, *ਯੂ ਕੈਨ ਲਿਵ ਫ਼ਾਰਐਵਰ ਇਨ ਪੈਰਾਡਾਈਜ਼ ਆਨ ਅਰਥ* (ਬਰੂਕਲਿਨ, ਨਿਊ ਯਾਰਕ: ਵਾਚਟਾਵਰ ਬਾਈਬਲ ਐਂਡ ਟ੍ਰੈਕਟ ਸੋਸਾਇਟੀ ਆਫ਼ ਨਿਊ ਯਾਰਕ, 1982), 58. [7]*ਦ ਨਿਊ ਵਰਲਡ ਟ੍ਰਾਂਸਲੇਸ਼ਨ ਆਫ਼ ਦ ਹੋਲੀ ਸਕ੍ਰਿਪਚਰਜ਼* (ਬਰੂਕਲਿਨ, ਨਿਊ ਯਾਰਕ: ਵਾਚਟਾਵਰ ਬਾਈਬਲ ਐਂਡ ਟ੍ਰੈਕਟ ਸੋਸਾਇਟੀ ਆਫ਼ ਨਿਊ ਯਾਰਕ, 1961), 1274. [8]ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ ਤੀਜੀ, ਸੋਧ ਅਤੇ ਸੰਪਾ. ਫ਼੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 194. [9]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ,* ਸੋਧ, ਸੰਪਾ. ਜਿਓਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1987), 3:606 ਵਿਚ ਸੀ. ਬੀ. ਹੌਚ, ਜੂਨੀ., ''ਓਨਲੀ ਬਿਗੌਟਨ।'' [10]ਈ. ਕੇ. ਸਿੰਪਸਨ ਐਂਡ ਐੱਫ਼. ਐੱਫ਼. ਬਰੂਸ, *ਕਮੈਂਟਰੀ ਆਨ ਦ ਐਪੀਸਟਲਜ਼ ਟੂ ਦ ਇਫ਼ੀਸੀਅੰਜ਼ ਐਂਡ ਦ ਕੋਲੋਸੀਅੰਜ਼,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1957), 197.

[11]ਰੌਬਰਟ ਜੀ. ਬ੍ਰੇਚਰ ਐਂਡ ਯੂਜੀਨ ਏ. ਨਿਡਾ, *ਏ ਟ੍ਰਾਂਸਲੇਟਰਜ਼ ਹੈਂਡਬੁਕ ਆਨ ਪੌਲ'ਜ਼ ਲੈਟਰਜ਼ ਟੂ ਦ ਕੋਲੋਸੀਅੰਜ਼ ਐਂਡ ਟੂ ਫਿਲੇਮੋਨ,* ਹੈਲਪਸ ਫ਼ਾਰ ਟ੍ਰਾਂਸਲੇਟਰਜ਼ (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1977), 24. [12]ਡੇਵਿਡ ਐੱਮ. ਹੇਅ, *ਕੋਲੋਸੀਅੰਜ਼,* ਅਬਿੰਗਡਨ ਨਿਊ ਟੈਸਟਾਮੈਂਟ ਕਮੈਂਟਰੀਜ਼ (ਨੈਸ਼ਵਿੱਲ: ਅਬਿੰਗਡਨ ਪ੍ਰੈੱਸ, 2000), 58. [13]ਸਿੰਪਸਨ ਐਂਡ ਬਰੂਸ, 199, ਐੱਨ. 85. [14]ਬ੍ਰੇਚਰ ਐਂਡ ਨਿਡਾ, 24. [15]ਜੇ. ਬੀ. ਲਾਈਟਫ਼ੁਟ, *ਸੇਂਟ ਪੌਲ'ਜ਼ ਐਪਿਸਟਲਜ਼ ਟੂ ਦ ਕੋਲੋਸੀਅੰਜ਼ ਐਂਡ ਟੂ ਫਿਲੇਮੋਨ,* ਸੋਧ (ਲੰਡਨ: ਮੈਕਮਿਲਨ ਐਂਡ ਕੰ., 1916), 153. [16]ਰੌਬਰਟਸਨ, 50. [17]ਉਹੀ, 49–50. [18]ਬਰੂਸ, 205. [19]ਵੇਖੋ ਮੱਤੀ 28:18; 1 ਕੁਰਿੰਥੀਆਂ 15:25–27; ਅਫ਼ਸੀਆਂ 1:20–23; ਫ਼ਿਲਿੱਪੀਆਂ 2:10, 11; 1 ਪਤਰਸ 3:22; ਪ੍ਰਕਾਸ਼ ਦੀ ਪੋਥੀ 1:5; 12:5. [20]ਆਰ. ਸੀ. ਲੁਕਾਸ, *ਦ ਮੈਸੇਜ ਆਫ਼ ਕੋਲੋਸੀਅੰਜ਼ ਐਂਡ ਫਿਲੇਮੋਨ: ਫ਼ੁੱਲਨੈਸ ਐਂਡ ਫ਼੍ਰੀਡਮ,* ਦ ਬਾਈਬਲ ਸਪੀਕਸ ਟੁਡੇ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪੈੱਸ, 1980), 53.

[21]ਹੇਅ, 62. [22]ਹੈਂਡ੍ਰਿਕਸਨ, 81. [23]ਹਰਬਰਟ ਐੱਮ. ਕਾਰਸਨ, *ਦ ਐਪਿਸਟਲਜ਼ ਆਫ਼ ਪੌਲ ਟੂ ਦ ਕੋਲੋਸੀਅੰਜ਼ ਐਂਡ ਫਿਲੇਮੋਨ: ਐਨ ਇੰਟ੍ਰੋਡਕਸ਼ਨ ਐਂਡ ਕਮੈਂਟਰੀ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1960), 46–47. [24]ਹੇਅ, 53.